# ਕੈਲਗਰੀ ਵਿਖੇ ਵੱਖੋ ਵੱਖ ਥਾਵਾਂ ਉੱਪਰ ਕਨੇਡਾ ਡੇਅ ਮਨਾਇਆ








ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਭਰ ਵਿੱਚ ਲੱਗੀਆਂ ਸਿਹਤ ਪਾਬੰਦੀਆਂ ਨੂੰ ਹਟਾਏ ਜਾਣ ਅਤੇ ਕੈਨੇਡਾ ਡੇਅ ਦੇ ਮੌਕੇ ਸ਼ਹਿਰ ਵਿੱਚ ਵੱਖ ਵੱਖ ਥਾਵਾਂ 'ਤੇ ਕੈਨੇਡਾ ਡੇਅ ਮਨਾਇਆ ਗਿਆ ਹੈ ਤੇ ਲਗਪਗ ਸਾਰੇ ਹੀ ਪ੍ਰੋਗਰਾਮਾਂ ਵਿੱਚ ਮੂਲਨਿਵਾਸੀ ਬੱਚਿਆਂ 'ਤੇ ਹੋਏ ਜ਼ੁਲਮਾਂ ਨੂੰ ਵੀ ਚੇਤੇ ਕੀਤਾ ਗਿਆ ਹੈ। ਕੈਲਗਰੀ ਦੀ ਮੁਸਲਿਮ ਅਹਿਮਦੀਆ ਜਮਾਤ ਵੱਲੋਂ ਬੈਤੁਨ ਨੂਰ ਮਸਜਿਦ ਵਿੱਚ ਹੋਏ ਪ੍ਰੋਗਰੈਮ ਵਿੱਚ ਪ੍ਰੀਮੀਅਰ ਜੇਸਨ ਕੈਨੀ, ਉਹਨਾਂ ਨੇ ਕੈਬਿਨੇਟ ਕੁਲੀਗ, ਵਿਧਾਇਕ, ਐਨਡੀਪੀ ਵਿਧਾਇਕ ਇਰਫਾਨ ਸਾਬਿਰ, ਕੌਂਸਲਰ ਜੌਰਜ ਚਾਹਲ, ਜੈੱਫ ਡੇਵੀਸਨ ਤੇ ਹੋਰ ਰਾਜਨੇਤਾ ਵੀ ਸ਼ਾਮਲ ਹੋਏ। ਗ੍ਰੀਨ ਡੋਮ ਮਸਜਿਦ ਵਿੱਚ ਵੀ ਕੈਨੇਡਾ ਡੇਅ ਮਨਾਏ ਜਾਣ ਦੀ ਸੂਚਨਾ ਹੈ। ਜੈਨੇਸਿਸ ਸੈਂਟਰ ਵਿੱਚ ਇੰਡੀਅਨ ਸੁਸਾਇਟੀ ਔਫ਼ ਕੈਲਗਰੀ ਵੱਲੋਂ ਕੋਵਿਡ-19 ਰੈਜ਼ਿਲਿਐਂਸ ਡੇ ਮਨਾਇਆ ਗਿਆ। ਇਸ ਪ੍ਰੋਗਰੈਮ ਵਿੱਚ ਵੀ ਪ੍ਰੀਮੀਅਰ ਜੇਸਨ ਕੈਨੀ, ਮਨਿਸਟਰ ਰਾਜਨ ਸਾਹਨੀ, ਲੀਲਾ ਅਹੀਰ, ਪ੍ਰਸਾਦ ਪਾਂਡਾ, ਐਮਪੀ ਜਸਰਾਜ ਸਿੰਘ ਹੱਲਣ, ਮਿਸ਼ੈੱਲ ਰੈਂਪੈੱਲ ਅਤੇ ਜੈਗ ਸਹੋਤਾ ਹਾਜ਼ਰ ਹੋਏ। ਵਿਧਾਇਕ ਇਰਫਾਨ ਸਾਬਿਰ, ਦਵਿੰਦਰ ਤੂਰ, ਮਿੱਕੀ ਐਮਰੀ ਅਤੇ ਕੌਂਸਲਰ ਜੌਰਜ ਚਾਹਲ ਅਤੇ ਜੈੱਫ ਡੇਵੀਸਨ ਵੀ ਇਸ ਮੌਕੇ ਹਾਜ਼ਰ ਰਹੇ। ਪੁਲਿਸ ਚੀਫ਼ ਮਾਰਕ ਨਿਉਫੈਲਡ ਅਤੇ ਫਾਇਰ ਚੀਫ਼ ਡੌਂਗਵਰਥ ਨੇ ਵੀ ਲੋਕਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਕੋਵਿਡ ਹੋਣ ਮਗਰੋਂ ਹਸਪਤਾਲਾਂ ਤੋਂ ਵਾਪਸ ਆਏ ਕੁੱਝ ਵਿਅਕਤੀਆਂ ਨੇ ਆਪਣੇ ਤਜਰਬੇ ਸਾਂਝੇ ਕੀਤੇ। ਸੰਸਥਾ ਵੱਲੋਂ ਜੇ ਚੌਧਰੀ ਅਤੇ ਡਾ. ਦੇਵੇਸ਼ -ਬਰਾਇ ਨੇ ਸੰਬੋਧਨ ਕੀਤਾ ਤੇ ਲੋਕਾਂ ਦਾ ਧੰਨਵਾਦ ਕੀਤਾ। ਵੈਕਸਿਨੇਸ਼ਨ ਲਗਾਉਣ ਲਈ ਲੋਕਾਂ ਨੂੰ ਪ੍ਰੇਰਿਤ ਵੀ ਕੀਤਾ ਗਿਆ। ਇੰਡੋ ਕੈਨੇਡੀਅਨ ਕਮਿਉਨਿਟੀ ਐਸੋਸੀਏਸ਼ਨ ਵੱਲੋਂ ਵੀ ਕੈਨੇਡਾ ਡੇ ਮਨਾਇਆ ਗਿਆ। ਸੰਸਥਾ ਦੇ ਪ੍ਰਧਾਨ ਸੇਵਾ ਸਿੰਘ ਪ੍ਰੇਮੀ ਦੀ ਅਗ਼ਵਾਈ ਵਿੱਚ ਇਹ ਪ੍ਰੋਗਰਾਮ ਸਾਦਗੀ ਨਾਲ ਭਰਪੂਰ ਰਿਹਾ ਤੇ ਐਮ ਐਲ ਏ ਇਰਫਾਨ ਸਾਬਿਰ ਅਤੇ ਵਿਧਾਇਕ ਦਵਿੰਦਰ ਤੂਰ ਇਸ ਮੌਕੇ ਹਾਜ਼ਰ ਸਨ। ਇੱਥੇ ਕੇਕ ਕਟਿਆ ਗਿਆ ਤੇ ਇੱਕ ਦੂਜੇ ਨੂੰ ਸ਼ੁਭ ਕਾਮਨਾਵਾਂ ਭੇਟ ਕੀਤੀਆਂ ਗਈਆਂ।

## ਆ ਜਾਓ ਛਕ ਲਓ ਲੀਡਰਾਂ ਦੇ ਪੂੜੇ
## ਪੰਜਾਬੀ ਸਿਆਸਤਦਾਨਾਂ ਵੱਲੋਂ ਤੁਹਾਨੂੰ ਖਾਣੇ ਦੀ ਦਾਅਵਤ ਐ







ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਆਪਣੇ ਹਲਕੇ ਦੇ ਵੋਟਰਾਂ ਨਾਲ ਸੰਰਕ ਬਣਾਕੇ ਰੱਖਣ ਲਈ ਕਨੇਡੀਅਨ ਸਿਆਸਤਦਾਨਾਂ ਵੱਲੋਂ ਜੁਲਾਈ ਮਹੀਨੇ ਬਾਰਬੀਕਿਊ ਕੀਤੇ ਜਾਂਦੇ ਹਨ । ਸਾਲ 2020 ਦੌਰਾਨ ਭਾਵੇਂ ਬਹੁਤ ਸਾਰੇ ਸਿਆਸਤਦਾਨ ਕਰੋਨਾ ਕਾਰਣ ਅਜਿਹਾ ਨਹੀਂ ਕਰ ਸਕੇ ਪਰ ਹੁਣ ਸਾਲ 2021 ਦੌਰਾਨ ਹਾਲਾਤ ਸਾਜਗਾਰ ਹੁੰਦੇ ਜਾਪੇ ਤਾਂ ਬਾਰਬੀਕਿਊ ਦੇ ਸੱਦੇ ਵੀ ਆਉਣੇ ਸੁਰੂ ਹੋ ਗਏ ਹਨ। ਕੈਲਗਰੀ ਦੇ ਹਲਕਾ ਫੋਰੈਸਟ ਲਾਅਨ ਤੋਂ ਮੈਂਬਰ ਪਾਰਲੀਮੈਂਟ ਜਸਰਾਜ ਹੱਲਣ ਅਤੇ ਕੈਲਗਰੀ ਸਕਾਈਵਿਊ ਤੋਂ ਮੈਂਬਰਪਾਰਲੀਮੈਂਟ ਜਗਦੀਪ ਸਹੋਤਾ ਵੱਲੋਂ 10 ਜੁਲਾਈ ਦਿਨ ਸਨਿੱਚਰਵਾਰ ਵਾਲੇ ਦਿਨ ਸਵੇਰੇ 8:30 ਤੋਂ ਲੈਕੇ 11:00 ਵਜੇ ਤੱਕ ਸਟੈਂਪੀਡ ਬਰੇਕਫਾਸਟ ਦਾ ਸੱਦਾ ਹੈ । ਜਸਰਾਜ ਹੱਲਣ ਵੱਲੋਂ ਇਸ ਸਮਾਗਮ ਲਈ ਮਾਰਲਬਰੋ ਮਾਲ ਦੀ ਪਾਰਕਿੰਗ ਲਾਟ ਵਾਲੀ ਜਗਾਹ ਨੂੰ ਚੁਣਿਆ ਗਿਆ ਹੈ ਜਦੋਂ ਕਿ ਜਗਦੀਪ ਸਹੋਤਾ ਵੱਲੋਂ 2635-37 ਐਵਨਿਊ ਉਹਨਾਂ ਦੇ ਦਫਤਰ ਵਾਲੀ ਪਾਰਕਿੰਗ ਲਾਟ ਵਿੱਚ ਪੈਨਕੇਕ ਬਰੇਕਫਾਸਟ ਖਾਣ ਲਈ ਤੁਹਾਨੂੰ ਖੁੱਲਾ ਸੱਦਾ ਹੈ। ਇਸ ਮੌਕੇ ਕੰਜਰਵੇਟਿਵ ਪਾਰਟੀ ਲੀਡਰ ਐਰਨ ਓ ਟੂਲ ਵੀ ਪੁੱਜ ਰਹੇ ਹਨ । ਸੋ ਪੰਜਾਬੀ ਮੂਲ ਦੇ ਇਹਨਾਂ ਦੋਵੇਂ ਸਿਆਸਤਦਾਨਾਂ ਵੱਲੋਂ ਤੁਹਾਨੂੰ ਖੁੱਲਾ ਸੱਦਾ ਹੈ ਕਿ ਤੁਸੀ ਉਸ ਦਿਨ ਆਪਣੇ ਲੀਡਰਾਂ ਨਾਲ ਮਿਲਦੇ ਮਿਲਾਉਂਦੇ ਹੋਏ ਬਰੇਕਫਾਸਟ ਦਾ ਆਨੰਦ ਮਾਣ ਸਕਦੇ ਹੋ । ਹੋਰ ਜਾਣਕਾਰੀ ਲਈ ਐਮ ਪੀ ਸਾਹਿਬਾਨ ਦੇ ਦਫਤਰਾਂ ਵਿੱਚ ਸੰਪਰਕ ਕੀਤਾ ਜਾ ਸਕਦਾ ਹੈ ।



**ਔਜਲਾ ਰੈਸਟੋਰੈਂਟ ਕੈਲਗਰੀ ਵਿਖੇ ਖੇਡ ਪਰੇਮੀਆਂ ਵੱਲੋਂ ਕੈਲਗਰੀ ਦੇ ਵਾਰਡ 5 ਤੋਂ ਕੌਂਸਲਰ ਜਾਰਜ ਚਾਹਲ ਵੱਲੋਂ ਖੇਡਾਂ ਪ੍ਰਤੀ ਪਾਏ ਯੋਗਦਾਨ ਬਦਲੇ ਉਹਨਾਂ ਦਾ ਸਨਮਾਨ ਕੀਤਾ ਗਿਆ**

## ਕਰੋਨਾ ਅੱਪਡੇਟ : ਮਰਨ ਵਾਲਿਆਂ ਦੀ ਗਿਣਤੀ 2303 ਤੱਕ ਪੁੱਜ ਗਈ ਐ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਕੋਵਿਡ-19 ਦੇ 139 ਕੇਸ ਆਏ ਰਿਪੋਰਟ ਹੋਏ ਹਨ। 2 ਜੁਲਾਈ ਨੂੰ 42, 3 ਜੁਲਾਈ ਨੂੰ 53 ਅਤੇ 4 ਜੁਲਾਈ ਵਾਲੇ ਦਿਨ 44 ਕੇਸ ਆਏ ਰਿਪੋਰਟ ਹੋਏ ਜਿਸ ਮਗਰੋਂ ਸੂਬੇ ਵਿੱਚ ਹੁਣ ਕੁੱਲ ਐਕਟਿਵ ਕੇਸਾਂ ਦੀ ਸੰਖਿਆ 831 ਰਹਿ ਗਈ ਹੈ। ਇਹਨਾਂ ਵਿੱਚੋਂ ਅੱਧੇ ਤੋਂ ਜ਼ਿਆਦਾ, 424 ਕੇਸ ਕੈਲਗਰੀ ਜ਼ੋਨ ਤੋਂ ਰਿਪੋਰਟ ਹੋ ਰਹੇ ਦੱਸੇ ਗਏ ਹਨ। ਪੌਜ਼ਿਟਿਵਿਟੀ ਰੇਟ 1% ਦਰਜ ਕੀਤੀ ਜਾ ਰਹੀ ਹੈ। ਕੋਰੋਨਾ ਵਾਇਰਸ ਦੇ 136 ਮਰੀਜ਼ਾਂ ਦਾ ਇਲਾਜ ਹਸਪਤਾਲਾਂ ਵਿੱਚ ਚੱਲ ਰਿਹਾ ਹੈ ਜਿਹਨਾਂ ਵਿੱਚੋਂ 32 ਇੰਟੈਂਸਿਵ ਕੇਅਰ



ਯੂਨਿਟਸ ਵਿੱਚ ਹਨ। ਇਸ ਵਾਇਰਸ ਤੋਂ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ 2303 'ਤੇ ਪਹੁੰਚ ਗਈ ਹੈ। ਕੁੱਲ 45 ਲੱਖ 78 ਹਜ਼ਾਰ 868 ਵਿਅਕਤੀਆਂ ਨੂੰ ਲੰਘੇ ਐਤਵਾਰ ਤੱਕ ਵੈਕਸਿਨ ਦਿੱਤੀ ਜਾ ਚੁੱਕੀ ਦਰਜ ਕੀਤੀ ਗਈ ਹੈ।

## ਕੈਲਗਰੀ ਦੇ ਨਾਰਥ ਈਸਟ ਵਿੱਚ ਨਵੇਂ ਖੇਡ ਮੈਦਾਨ ਬਣਾਉਣ ਦਾ ਐਲਾਨ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਦੇ ਨਾਰਥ



ਈਸਟ ਏਰੀਆ ਵਿੱਚ ਨਵੇਂ ਖੇਡ ਮੈਦਾਨ ਬਣਨਗੇ ਇਸ ਸਬੰਧੀ ਪੰਜਾਬੀ ਅਖਬਾਰ ਨਾਲ ਗੱਲ ਕਰਦਿਆਂ ਵਾਰਡ 5 ਤੋਂ ਕੌਂਸਲਰ ਜੌਰਜ ਚਾਹਲ ਨੇ ਦੱਸਿਆ ਕਿ 36 ਸਟਰੀਟ ਅਤੇ ਏਅਰਪੋਰਟ ਟਰੇਲ ਉੱਪਰ ਨਾਰਥ ਈਸਟ ਐਥਲੈਟਿਕ ਪਾਰਕ ਲਈ 25 ਮਿਲੀਅਨ ਡਾਲਰ ਦੀ ਲਾਗਤ ਨਾਲ ਚਾਰ ਫੀਲਡਾਂ ਬਣਾਈਆਂ ਜਾਣਗੀਆਂ। ਸਾਕਰ, ਫੀਲਡ ਹਾਕੀ, ਕ੍ਰਿਕਟ ਅਤੇ ਦਰਸਕਾਂ ਦੇ ਬੈਠਣ ਲਈ ਸਾਨਦਾਰ ਜਗਾਹ ਬਣਾਈ ਜਾਵੇਗੀ। ਸਕਾਈ ਵਿਊ ਰੈਂਚ ਏਰੀਆ ਵਿੱਚ ਨਵਾਂ ਰਿੱਕ ਸੈਂਟਰ 57 ਮਿਲੀਅਨ ਡਾਲਰ ਦੀ ਲਾਗਤ ਨਾਲ 60 ਸਟਰੀਟ ਅਤੇ 112 ਐਵਨਿਊ ਉੱਪਰ ਬਣਾਇਆ ਜਾਵੇਗਾ।










# ਅਲਬਰਟਾ ਸਰਕਾਰ ਨੇ ਰਿਫਾਇਨਰੀ ਵਿੱਚ 50 % ਹਿੱਸੇਦਾਰੀ ਪਾ ਲਈ ਐ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੀ ਯੂ.ਸੀ.ਪੀ. ਸਰਕਾਰ ਵੱਲੋਂ ਇੱਕ ਵਿਵਾਦਿਤ ਰਿਫਾਇਨਰੀ ਦੀ 50% ਮਾਲਕੀ ਹਾਸਲ ਕੀਤੀ ਜਾ ਰਹੀ ਹੈ। ਐਡਮੰਟਨ ਦੇ ਨੌਰਥ ਈਸਟ ਵੱਲ ਸਥਿਤ ਸਟਰਜਨ ਰਿਫਾਇਨਰੀ ਨੂੰ ਸੂਬਾ ਸਰਕਾਰ ਨੇ 825 ਮਿਲੀਅਨ ਡਾਲਰਾਂ ਦਾ ਭੁਗਤਾਨ ਕੀਤਾ ਹੈ ਤਾਂ ਕਿ ਇਸ ਫੈਸਿਲਿਟੀ ਦਾ ਲਾਗਤ ਖ਼ਰਚਾ ਘੱਟ ਕੀਤਾ ਜਾ ਸਕੇ। ਹੁਣ ਇਸ ਰਿਫਾਇਨਰੀ ਨਾਲ 2058 ਤੱਕ ਸਮਝੌਤਾ ਵਧਾਇਆ ਗਿਆ ਹੈ, ਪਹਿਲਾਂ ਇਹ ਸਾਲ 2048 ਤੱਕ ਸੀ। ਐਲਬਰਟਾ ਪੈਟਰੋਲੀਅਮ ਮਾਰਕਿਟਿੰਗ ਕਮਿਸ਼ਨ ਵੱਲੋਂ ਇਸ ਰਿਫਾਇਨਰੀ ਨੂੰ ਕੱਚਾ ਤੇਲ ਮੁਹਈਆ ਕਰਵਾਇਆ ਜਾ ਰਿਹਾ ਹੈ। ਸਰਕਾਰ ਨੇ 50% ਐਕੁਇਟੀ ਸ਼ੇਅਰਜ਼ ਖ਼ਰੀਦ ਲਏ ਹਨ।

## 20 ਮਿਲੀਅਨ ਡਾਲਰ ਖਰਚਕੇ ਐਪ ਬਣਾਈ, ਪਰ ਉਹ ਕੰਮ ਕਿਸੇ ਨਾ ਆਈ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਸਰਕਾਰ ਵੱਲੋਂ 20 ਮਿਲੀਅਨ ਡਾਲਰਾਂ ਦਾ ਖ਼ਰਚਾ ਕਰਕੇ ਬਣਾਈ ਗਈ ਸਮਾਰਟ-ਫੋਨ ਐਪਲਿਕੇਸ਼ਨ ਦਾ ਕੋਈ ਖਾਸ ਨਤੀਜਾ ਨਹੀਂ ਆ ਸਕਿਆ ਹੈ। ਇਸ ਐਪ ਨੂੰ ਬਣਾਉਣ ਦਾ ਉਦੇਸ਼ ਸੀ ਕਿ ਲੋਕਾਂ ਨੂੰ ਕੋਵਿਡ-19 ਐਕਸਪੋਜ਼ਰ ਤੋਂ ਬਚਾਇਆ ਜਾ ਸਕੇ। ਕੋਵਿਡ-ਐਲਰਟ-ਐਪ ਪਿਛਲੇ ਸਾਲ ਲਾਂਚ ਕੀਤੀ ਗਈ ਸੀ ਤੇ ਕਈ ਸੂਬਿਆਂ ਵਿੱਚ ਇਸ ਨੂੰ ਲਾਂਚ ਕੀਤਾ ਗਿਆ ਸੀ ਪਰ ਐਲਬਰਟਾ ਸਰਕਾਰ ਵੱਲੋਂ ਆਪਣੀ ਐਪ ਲਾਂਚ ਕੀਤੀ ਗਈ ਸੀ। ਐਲਬਰਟਾ ਸਰਕਾਰ ਨੇ ਦੋਸ਼ ਲਗਾਇਆ ਸੀ ਕਿ ਉਸ ਪ੍ਰੋਵਿੰਸ਼ੀਅਲ ਐਪ ਨੂੰ ਫੈਡਰਲ ਸਰਕਾਰ ਨੇ ਕਾਮਯਾਬ ਨਹੀਂ ਹੋਣ ਦਿੱਤਾ ਸੀ ਤੇ ਇਹ ਐਪ ਚੱਲ ਹੀ ਨਹੀਂ ਸਕੀ ਸੀ। ਉਧਰ ਫੈਡਰਲ ਐਪ ਐਲਬਰਟਾ ਵਿੱਚ ਚਾਲੂ ਹੀ ਨਹੀਂ ਹੋਈ ਸੀ। ਦੇਸ਼ ਭਰ ਵਿੱਚ 30 ਮਿਲੀਅਨ ਲੋਕਾਂ ਵਿੱਚੋਂ ਸਿਰਫ਼ 66 ਲੱਖ ਲੋਕਾਂ ਨੇ ਹੀ ਉਸ ਨੂੰ ਡਾਊਨਲੋਡ ਕੀਤਾ ਸੀ ਤੇ ਉਸ ਰਾਹੀਂ ਆਉਣ ਵਾਲੇ ਨਤੀਜਿਆਂ ਨੇ ਨਿਰਾਸ਼ ਹੀ ਕੀਤਾ ਹੈ। ਡਿਜਿਟਲ ਹੈਲਥ ਕੇਅਰ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਫੈਡਰਲ ਐਪ ਵੀ ਕਿਸੇ ਆਸ-ਉਮੀਦ 'ਤੇ ਖ਼ਰੀ ਨਹੀਂ ਉਤਰ ਸਕੀ। ਸਰਕਾਰ ਦਾ ਇਸ ਉਪਰ ਲਗਪਗ 20 ਮਿਲੀਅਨ ਡਾਲਰਾਂ ਦਾ ਖ਼ਰਚਾ ਆ ਗਿਆ ਦੱਸਿਆ ਗਿਆ ਹੈ।

# ਲਓ ਬਈ ,ਹੁਣ ਚਾਹੇ ਅਮਰੀਕਾ - ਕਨੇਡਾ ਇੱਧਰ ਉਧਰ ਜਿੱਥੇ ਮਰਜੀ ਜਾਓ ।




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਲਗਪਗ 16 ਮਹੀਨੇ ਬੰਦ ਰਹਿਣ ਮਗਰੋਂ ਕੈਨੇਡਾ - ਯੂ.ਐਸ. ਬੌਰਡਰ ਨੂੰ ਹੁਣ ਹੌਲੀ ਹੌਲੀ ਖੋਲ੍ਹੇ ਜਾਣ ਦੀ ਤਿਆਰੀ ਹੈ। ਜਿਹੜੇ ਕੈਨੇਡੀਅਨ ਨਾਗਰਿਕਾਂ ਅਤੇ ਪਰਮਾਨੈਂਟ ਰੈਜ਼ਿਡੈਂਟਸ ਨੂੰ ਅਮੈਰਿਕਾ ਵਿੱਚ ਪ੍ਰਵਾਨਿਤ ਕੋਵਿਡ-19 ਵੈਕਸਿਨ ਦੀਆਂ ਦੋਵੇਂ ਡੋਜ਼ਿਜ਼ ਲੱਗ ਚੁੱਕੀਆਂ ਹਨ, ਉਹ ਹੁਣ ਅਮੈਰਿਕਾ ਵਿੱਚ ਜਾ ਕੇ 14 ਦਿਨ ਲਈ ਕੁਐਰੈਂਟੀਨ ਨਹੀਂ ਹੋਣਗੇ। ਹਵਾਈ ਯਾਤਰੀਆਂ ਲਈ ਵੀ ਇਹੀ ਨਿਯਮ ਲਾਗੂ ਹੋਣਗੇ। ਉਧਰੋਂ ਕੈਨੇਡਾ ਆਉਣ ਵਾਲਿਆਂ ਨੂੰ ਵੀ ਹੁਣ 3 ਦਿਨਾਂ ਲਈ ਹੋਟੈਲ ਵਿੱਚ ਰੁਕਣ ਦੀ ਲੋੜ ਨਹੀਂ ਹੋਵੇਗੀ। ਕੈਨੇਡਾ ਵਿੱਚ ਦਾਖ਼ਲ ਹੋਣ ਵਾਲੇ ਸਾਰੇ ਯਾਤਰੀਆਂ ਨੂੰ ਅਰਾਇਵ-ਕੈਨ ਨਾਮ ਦੀ ਐਪ ਡਾਊਨਲੋਡ ਕਰਨੀ ਜ਼ਰੂਰੀ ਹੋਵੇਗੀ ਤੇ ਯਾਤਰਾ ਕਰਨ ਤੋਂ ਪਹਿਲਾਂ 3 ਦਿਨਾਂ ਦੇ ਅੰਦਰ-ਅੰਦਰ ਕਰਵਾਏ ਕੋਰੋਨਾ ਵਾਇਰਸ ਟੈਸਟ ਦੀ ਨੈਗੇਟਿਵ ਰਿਪੋਰਟ ਵੀ ਦਿਖਾਉਣੀ ਲਾਜ਼ਿਮ ਹੋਵੇਗੀ।






# ਕਿਸੇ ਦੀ ਲੜਾਈ ਮੁਕਾਉਣ ਲੱਗਾ ਅਣਭੋਲੇ ਵਿੱਚ ਆਪਣੀ ਜ਼ਿੰਦਗੀ ਹੀ ਮੁਕਾ ਬੈਠਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਲੰਘੀ 30 ਜੂਨ ਵਾਲੇ ਦਿਨ ਸ਼ਾਮ 7 ਵਜੇ ਦੇ ਕਰੀਬ 4 ਐਵੇਨਿਉ ਸਾਊਥ ਵੈਸਟ ਸਥਿਤ ਜੇਮਜ਼ ਸ਼ੌਰਟ ਪਾਰਕ ਵਿੱਚ ਇੱਕ ਵਿਅਕਤੀ ਦਾ ਕਤਲ ਹੋ ਗਿਆ ਦੱਸਿਆ ਗਿਆ ਹੈ ਤੇ ਪੁਲਿਸ ਵੱਲੋਂ ਲੋਕਾਂ ਤੋਂ ਜਾਂਚ ਵਾਸਤੇ ਸਹਿਯੋਗ ਮੰਗਿਆ ਜਾ ਰਿਹਾ ਹੈ। ਸੂਚਨਾ ਅਨੁਸਾਰ ਪਾਰਕ ਵਿੱਚ ਇੱਕ ਮਰਦ ਅਤੇ ਔਰਤ ਦੀ ਆਪਸ ਵਿੱਚ ਲੜਾਈ ਹੋ ਰਹੀ ਸੀ। ਝਗੜਾ ਕਰ ਰਹੇ ਵਿਅਕਤੀ ਨੂੰ ਔਰਤ ਬਾਰ ਬਾਰ ਕਹਿ ਰਹੀ ਸੀ ਕਿ ਉਹ ਉਸ ਨੂੰ ਮਾਰਨਾ ਬੰਦ ਕਰੇ। ਇੱਕ ਵਿਅਕਤੀ ਇਹ ਝਗੜਾ ਸੁਣ ਕੇ ਉਸ ਨੂੰ ਰੋਕਣ ਦੇ ਇਰਾਦੇ ਨਾਲ ਉੱਥੇ ਪਹੁੰਚ ਗਿਆ। ਉਸ ਵਿਅਕਤੀ ਨੇ ਉਸ ਨੂੰ ਚਾਕੂ ਮਾਰਨ ਦੀ ਧਮਕੀ ਦਿੱਤੀ ਤਾਂ ਇਹ ਵਿਅਕਤੀ ਉੱਥੋਂ ਭੱਜ ਦੌੜਿਆ ਤੇ 5 ਐਵੇਨਿਊ ਅਤੇ ਸੈਂਟਰ ਸਟ੍ਰੀਟ ਦੇ ਇੰਟਰਸੈਕਸ਼ਨ 'ਤੇ ਖੜ੍ਹੀ ਇੱਕ ਕਾਰ 'ਤੇ ਜਾ ਡਿੱਗਿਆ। ਪਿੱਛੇ ਆ ਰਹੇ ਵਿਅਕਤੀ ਨੇ ਇਸ ਵਿਅਕਤੀ ਦੇ ਛੁਰਾ ਮਾਰ ਦਿੱਤਾ। ਉਸ ਦੀ 3 ਜਲਾਈ ਸ਼ਨੀਵਾਰ ਨੂੰ ਮੌਤ ਹੋ ਗਈ ਹੈ। ਕਾਰ ਉਥੋਂ ਚਲੀ ਗਈ ਸੀ ਤੇ ਉਸ ਦੀ ਭਾਲ ਕੀਤੀ ਜਾ ਰਹੀ ਹੈ। ਪੁਲਿਸ ਨੇ ਸ਼ੱਕੀ ਵਿਅਕਤੀ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਸ਼ੱਕੀ ਹਮਲਾਵਰ 20-25 ਵਰ੍ਹਿਆਂ ਦਾ 5 ਫੁੱਟ 10 ਇੰਚ ਤੋਂ 6 ਫੁੱਟ ਕੱਦ, ਪਤਲੇ ਸਰੀਰ, ਮੀਢੀਆਂ ਕੀਤੇ ਲੰਬੇ ਗਹਿਰੇ ਵਾਲ, ਪਤਲੇ ਸਰੀਰ ਵਾਲਾ ਵਿਅਕਤੀ ਸੀ। ਉਸ ਨੇ ਉਸ ਦਿਨ ਲਾਲ ਸ਼ੌਰਟਸ, ਗ੍ਰੇ ਟੀ-ਸ਼ਰਟ, ਬੇਸਬੌਲ ਹੈਟ ਪਾਏ ਹੋਏ ਸਨ ਤੇ ਨਾਇਕੀ ਦੇ ਚਿੱਟੇ ਰਨਿੰਗ ਸ਼ੂਜ਼ ਪਾਏ ਹੋਏ ਸਨ।। ਹੁਣ ਪੁਲਿਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਇਸ ਮਾਮਲੇ ਵਿੱਚ ਥੋੜ੍ਹਾ ਜਿਹਾ ਵੀ ਸਬੂਤ ਵੱਡੀ ਜਾਣਕਾਰੀ ਦੇ ਸਕਦਾ ਹੈ, ਤੇ ਇਸ ਸੰਬੰਧੀ ਪੁਲਿਸ ਨੂੰ ਸੂਚਿਤ ਕੀਤਾ ਜਾ ਸਕਦਾ ਹੈ।

# ਅਲਬਰਟਾ ਵਿੱਚ ਕੋਵਿਡ ਪਾਬੰਦੀਆਂ ਤੋਂ ਖੁੱਲਾਂ ਮਿਲੀਆਂ ਪਰ ਮਾਸਕ ਪਾਉਣ ਦੀ ਸਲਾਹ ਮੰਨਣ ਦੀ ਅਪੀਲ ਵੀ ਐ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੂਬੇ ਵਿੱਚ ਕੋਵਿਡ-19 ਵੈਕਸਿਨੇਸ਼ਨ ਦਾ ਟੀਚਾ ਪਾਰ ਕਰਦਿਆਂ ਐਲਬਰਟਾ ਸਰਕਾਰ ਵੱਲੋਂ 1 ਜੁਲਾਈ ਤੋਂ ਸਿਹਤ ਸੰਬੰਧੀ ਲੱਗੀਆਂ ਪਾਬੰਦੀਆਂ ਵਿੱਚ ਵੱਡੀਆਂ ਢਿੱਲਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਕੋਵਿਡ-19 ਪੌਜ਼ਿਟਿਵ ਆਉਣ 'ਤੇ 14 ਦਿਨਾਂ ਲਈ ਕੁਐਰੈਂਟੀਨ ਹੋਣਾ ਜ਼ਰੂਰੀ ਰਹੇਗਾ। ਪਰ ਹੋਰ ਕੋਈ ਪਾਬੰਦੀ ਨਹੀਂ ਰਹੇਗੀ। ਇਨਡੋਰ ਇਕੱਠਾਂ ਵਿੱਚ ਸ਼ਾਮਿਲ ਹੋਣ ਵਾਲੇ ਵਿਅਕਤੀਆਂ ਦੀ ਗਿਣਤੀ ਹੁਣ ਸੀਮਤ ਨਹੀਂ ਰਹੇਗੀ। ਹੋਰਨਾਂ ਭੀੜ ਵਾਲੀਆਂ ਥਾਵਾਂ 'ਤੇ ਮਾਸਕ ਪਾ ਕੇ ਰੱਖਣ ਦੀ ਸਲਾਹ ਜਾਰੀ ਕੀਤੀ ਗਈ ਹੈ। ਐਡਮੰਟਨ, ?ਕੋਟੋਕਸ ਅਤੇ ਬੈਂਫ਼ ਵਿੱਚ ਮਾਸਕ ਪਾਉਣ ਤੋਂ ਛੋਟ ਜਾਰੀ ਕਰ ਦਿੱਤੀ ਗਈ ਹੈ। ਧਾਰਮਿਕ ਸਥਾਨਾਂ, ਬਾਰਜ਼, ਰੈਸਟੋਰੈਂਟਸ ਅਤੇ ਰੀਟੇਲ ਸਟੋਰਾਂ ਵਿੱਚ ਫੁਲ ਕਪੈਸਿਟੀ ਅਨੁਸਾਰ ਜਾਣ ਦੀ ਇਜਾਜ਼ਤ ਜਾਰੀ ਕਰ ਦਿੱਤੀ ਗਈ ਹੈ। ਬਿਜ਼ਨਸਾਂ ਨੂੰ ਅਹਿਤਿਆਤ ਵਰਤਣ ਨੂੰ ਕਿਹਾ ਗਿਆ ਹੈ। ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ, ਡਾ. ਡੀਨਾ ਹਿਨਸ਼ੌਅ ਨੇ ਵੀ ਲੋਕਾਂ ਨੂੰ ਮਾਸਕ ਪਾਉਂਦੇ ਰਹਿਣ ਦੀ ਸਲਾਹ ਜਾਰੀ ਕੀਤੀ ਹੈ।
























## ਕੌਨਟੈਕਟ ਟ੍ਰੇਸਿੰਗ ਦੇ ਕੰਮ ਵਿੱਚ ਲੱਗੇ ਵਿਅਕਤੀਆਂ ਦੀ ਗਿਣਤੀ ਨੂੰ ਘਟਾਉਣ ਦਾ ਕੰਮ ਸ਼ੁਰੂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਹੈਲਥ ਸਰਵਿਸਿਜ਼ ਨੇ ਸੂਬੇ ਵਿੱਚ ਕੋਵਿਡ-19 ਕੇਸਾਂ ਵਿੱਚ ਰੋਜ਼ਾਨਾ ਆ ਰਹੀ ਕਮੀ ਨੂੰ ਵੇਖਦਿਆਂ ਕੌਨਟੈਕਟ ਟ੍ਰੇਸਿੰਗ ਦੇ ਕੰਮ ਵਿੱਚ ਲੱਗੇ ਵਿਅਕਤੀਆਂ ਦੀ ਗਿਣਤੀ ਨੂੰ ਘਟਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਯੁਨਾਇਟਿਡ ਨਰਸਿਜ਼ ਔਫ਼ ਐਲਬਰਟਾ ਦੀ ਪ੍ਰੈਜ਼ਿਡੈਂਟ ਹੈਦਰ ਸਮਿਥ ਦਾ ਕਹਿਣਾ ਹੈ ਕਿ ਜਿਹੜਾ ਨਰਸਿੰਗ ਸਟਾਫ਼ ਇਸ ਕੰਮ ਲਈ ਲਿਆ ਗਿਆ ਸੀ, ਉਸ ਨੂੰ ਵਾਪਸ ਉਹਨਾਂ ਦੀ ਨੌਰਮਲ ਡਿਊਟੀ 'ਤੇ ਭੇਜ ਦਿੱਤਾ ਗਿਆ ਹੈ। ਕਿਸੇ ਨੂੰ ਵੀ ਲੇਅ-ਔਫ਼ ਨਹੀਂ ਕੀਤਾ ਗਿਆ ਪਰ ਉਹਨਾਂ ਨੂੰ ਹੋਰਨਾਂ ਥਾਵਾਂ 'ਤੇ ਭੇਜਿਆ ਗਿਆ ਹੈ। ਯੂਨਿਵਰਸਿਟੀ ਔਫ਼ ਐਲਬਰਟਾ ਹੌਸਪਿਟਲ ਦੇ ਇਨਫੈਕਸ਼ਿਅਸ ਡਿਜ਼ੀਜ਼ ਦੇ ਮਾਹਿਰ ਡਾ. ਸਟੈਫੇਨੀ ਸਮੀਥ ਦਾ ਕਹਿਣਾ ਹੈ ਕਿ ਸਰਕਾਰ ਨੂੰ ਸੁਚੇਤ ਰਹਿਣਾ ਪਵੇਗਾ ਤੇ ਸਥਿਤੀ ਵਿੱਚ ਤਬਦੀਲੀ ਹੁੰਦਿਆਂ ਹੀ ਨਵੇਂ ਫੈਸਲੇ ਬਹੁਤ ਜਲਦ ਲੈਣੇ ਪੈ ਸਕਦੇ ਹਨ। ਉਹਨਾਂ ਕਿਹਾ ਡੈਲਟਾ ਵੇਰੀਐਂਟ ਜਿਸ ਤੇਜ਼ੀ ਨਾਲ ਫੈਲ ਸਕਦਾ ਹੈ, ਉਸ ਨੂੰ ਵੇਖਦਿਆਂ ਵਾਧੂ ਚੌਕਸੀ ਰੱਖਣ ਦੀ ਲੋੜ ਹੈ।

# ਮੂਲ ਨਿਵਾਸੀ ਬੱਚਿਆਂ ਦੀਆਂ ਬੇ ਨਾਮੀ ਕਬਰਾਂ ਦੇ ਗੁੱਸੇ ਦੀ ਅੱਗ ਦਾ ਸੇਕ ਚਰਚਾਂ ਵੱਲ ਵਧਣ ਲੱਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੁਰਾਣੇ ਰੈਜ਼ਿਡੈਂਸ਼ੀਅਲ ਸਕੂਲਾਂ ਵਿੱਚ ਮੂਲ ਨਿਵਾਸੀ ਬੱਚਿਆਂ ਨਾਲ ਹੋਏ ਨਾਜਾਇਜ਼ ਧੱਕਿਆਂ ਅਤੇ ਉਹਨਾਂ ਦੀਆਂ ਮਿਲ ਰਹੀਆਂ ਬੇਨਾਮੀ ਕਬਰਾਂ ਤੋਂ ਬਾਦ ਕੈਥੋਲਿਕ ਚਰਚ ਦੇ ਖਿਲਾਫ਼ ਗੁੱਸਾ ਵਿਖਾਇਆ ਜਾ ਰਿਹਾ ਹੈ। ਕੈਲਗਰੀ ਵਿੱਚ 10 ਚਰਚਾਂ ਨੂੰ ਖ਼ਰਾਬ ਕੀਤੇ ਜਾਣ ਦੀ ਸੂਚਨਾ ਹੈ। ਇੱਕ ਚਰਚ ਦੀ ਖਿੜਕੀ ਤੋੜੀ ਗਈ ਹੈ ਤੇ ਸਾਰੀਆਂ 'ਤੇ ਲਾਲ ਰੰਗ ਨਾਲ ਪੇਂਟ ਕਰਕੇ ਉਹਨਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ। ਇੱਕ ਚਰਚ ਦੇ ਬਾਹਰ ਲਿਖਿਆ ਹੈ ਕਿ 'ਅਸੀਂ ਵੀ ਬੱਚੇ ਸਾਂ' ਅਤੇ 'ਸਾਡੀਆਂ ਜ਼ਿੰਦਗੀਆਂ ਵੀ ਅਰਥ ਰੱਖਦੀਆਂ ਹਨ'। ਇਹ ਚਰਚਾਂ ਸਾਊਥ ਈਸਟ, ਨੌਰਥ ਵੈਸਟ, ਸਾਊਥ ਵੈਸਟ ਵਿੱਚ ਸਥਿੱਤ ਹਨ। ਸਾਲ 1831 ਤੋਂ 1996 ਦਰਮਿਆਨ ਇਹਨਾਂ ਰੈਜ਼ਿਡੈਂਸ਼ੀਅਲ ਸਕੂਲਾਂ ਵਿੱਚੋਂ ਅੱਧਿਆਂ ਤੋਂ ਵੱਧ ਦਾ ਕੰਟਰੋਲ ਕੈਥੌਲਿਕ ਚਰਚ ਦੇ ਹੱਥਾਂ ਵਿੱਚ ਸੀ। ਹੁਣ ਇਹਨਾਂ ਚਰਚਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬੀਸੀ ਵਿੱਚ ਸੱਤ ਅਤੇ ਐਲਬਰਟਾ ਵਿੱਚ 2 ਚਰਚਾਂ ਨੂੰ ਅੱਗ ਦੇ ਹਵਾਲੇ ਕੀਤਾ ਗਿਆ ਹੈ ਤੇ ਹੁਣ ਕੈਲਗਰੀ ਦੀਆਂ ਚਰਚਾਂ ਨੂੰ ਨੁਕਸਾਨ ਪਹੁੰਚਾ ਦਿੱਤਾ ਗਿਆ ਹੈ। ਸਿਕਸਿਕਾ ਨੇਸ਼ਨ ਵਿੱਚ ਪੈਂਦੀ ਇੱਕ ਹੋਰ ਕੈਥੋਲਿਕ ਚਰਚ ਨੂੰ ਅੱਗ ਲਗਾ ਦਿੱਤੇ ਜਾਣ ਦੀ ਸੂਚਨਾ ਹੈ। ਐਂਗਲਿਕਨ ਚਰਚ ਨੂੰ ਤੋੜ-ਫੋੜ ਦਾ ਨਿਸ਼ਾਨਾ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਇਸੇ ਇਲਾਕੇ ਵਿੱਚ ਇੱਕ ਰੋਮਨ ਕੈਥੌਲਿਕ ਚਰਚ ਨੂੰ ਅੱਗ ਲਗਾਈ ਗਈ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਚਰਚ ਦੀ ਇੱਕ ਖਿੜਕੀ ਦਾ ਸ਼ੀਸ਼ਾ ਟੁੱਟਿਆ ਹੋਇਆ ਸੀ ਜਿਸ ਰਾਹੀਂ ਚਰਚ ਦੇ ਅੰਦਰ ਅੱਗ ਲਗਾਈ ਗਈ ਸੀ। ਜਦੋਂ ਤੱਕ ਪੁਲਿਸ ਮੌਕੇ 'ਤੇ ਪਹੁੰਚਦੀ, ਸ਼ੱਕੀ ਵਿਅਕਤੀ ਫ਼ਰਾਰ ਹੋ ਚੁੱਕੇ ਸਨ। ਰੈਜ਼ਿਡੈਂਸ਼ੀਅਲ ਸਕੂਲਾਂ ਦੀ ਜ਼ਮੀਨਾਂ ਹੇਠੋਂ ਕਬਰਾਂ ਮਿਲਣ ਦੀਆਂ ਖ਼ਬਰਾਂ ਆਉਣ ਅਤੇ ਕੈਥੋਲਿਕ ਚਰਚ ਤੋਂ ਮਾਫੀ ਮੰਗਣ ਦੀ ਮੰਗ ਤੇਜ਼ ਹੁੰਦੀ ਜਾਣ ਦਰਮਿਆਨ ਫ਼ਸਟ ਨੇਸ਼ਨਜ਼ ਵਿੱਚ ਪੈਂਦੀਆਂ ਚਰਚਾਂ ਨੂੰ ਨਿਸ਼ਾਨਾ ਬਣਾਇਆ ਜਾਣ ਲੱਗਿਆ ਹੈ।



## ਕੈਲਗਰੀ ਦੇ ਚਿੜੀਆ ਘਰ ਅੰਦਰ ਊਠਣੀ ਅਤੇ ਉਸਦੇ ਨਵ ਜੰਮੇ ਬੱਚੇ ਦੀ ਮੌਤ ਹੋਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਚਿੜੀਆ ਘਰ ਵਿੱਚ ਬੈਕਟ੍ਰੀਅਨ ਨਸਲ ਦੀ 16 ਸਾਲਾ ਇੱਕ ਊਠਣੀ ਦੀ ਬੱਚੇ ਨੂੰ ਜਨਮ ਦੇਣ ਦੌਰਾਨ ਮੌਤ ਹੋ ਗਈ ਹੈ। ਲੰਘੇ ਸ਼ੁਕਰਵਾਰ ਦੀ ਰਾਤ ਈਵਾ ਨਾਮ ਦੀ ਇਸ ਊਠਣੀ ਦੀ ਮੌਤ ਹੋਈ ਦੱਸੀ ਜਾਂਦੀ ਹੈ। ਉਸ ਦੇ ਬੱਚੇ ਦੀ ਵੀ ਮੌਤ ਹੋ ਗਈ ਹੈ। ਇਸ ਤੋਂ ਪਹਿਲਾਂ ਇਸ ਨੇ ਸਾਲ 2018 ਵਿੱਚ ਇੱਕ ਬੱਚੇ ਨੂੰ ਜਨਮ ਦਿੱਤਾ ਸੀ। ਸਧਾਰਨ ਤੌਰ ਤੇ ਊਠ ਦੀ ਉਮਰ 18 ਸਾਲ ਦੇ ਕਰੀਬ ਹੁੰਦੀ ਹੈ। ਇਸ ਊਠਣੀ ਦੀ ਦੇਖਰੇਖ ਕਰਨ ਵਾਲੇ ਚਿੜੀਆ ਘਰ ਦੇ ਕਰਮਚਾਰੀ ਸੋਗ ਵਿੱਚ ਹਨ।

# ਗਰਮੀ ਕਾਰਣ ਪੂਰਾ ਪਿੰਡ ਹੀ ਅੱਗ ਦੀ ਮਾਰ ਹੇਠ ਆਇਆ,1000 ਲੋਕ ਬੇਘਰੇ ਹੋਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਵਿੱਚ ਗ਼ਰਮੀ ਦੀ ਬੁਰੀ ਮਾਰ ਹੇਠ ਆਏ ਛੋਟੇ ਜਿਹੇ ਪਿੰਡ ਲਿਟਨ ਨੂੰ ਅੱਗ ਨੇ ਦਬੋਚ ਲਿਆ ਹੈ। ਬੀਤੇ ਬੁੱਧਵਾਰ 30 ਜੂਨ ਦੀ ਸ਼ਾਮ ਨੂੰ ਇਸ ਪਿੰਡ ਨੂੰ ਖਾਲੀ ਕਰਨ ਨੂੰ ਕਹਿ ਦਿੱਤਾ ਗਿਆ ਸੀ ਕਿਉਂਕਿ ਜੰਗਲੀ ਅੱਗ ਫੈਲਦੀ ਹੋਈ ਇਸ ਪਿੰਡ ਦੇ ਨੇੜੇ ਪਹੁੰਚ ਗਈ ਸੀ। ਰਾਤ ਨੂੰ ਲੋਕਾਂ ਨੂੰ ਇੱਥੋਂ ਸੁਰੱਖਿਅਤ ਨਿਕਲ ਜਾਣ ਲਈ ਵੌਰਨਿੰਗ ਜਾਰੀ ਕਰਨੀ ਪਈ ਸੀ ਤੇ ਦੇਰ ਰਾਤ ਨੂੰ ਅੱਗ ਨੇ ਪਿੰਡ ਵਿੱਚ ਹਮਲਾ ਕਰ ਦਿੱਤਾ। ਲਗਪਗ ਸਾਰਾ ਪਿੰਡ ਸੜ ਕੇ ਸੁਆਹ ਹੋ ਗਿਆ ਹੈ। ਬਹੁਤੇ ਘਰ ਸੜ ਗਏ ਸਨ। ਪ੍ਰੌਪਰਟੀ ਨੂੰ ਵਿਆਪਕ ਨੁਕਸਾਨ ਹੋਇਆ ਹੈ। ਪਿੰਡ ਦੇ ਕਈ ਲੋਕ ਲਾਪਤਾ ਦੱਸੇ ਜਾ ਰਹੇ ਹਨ ਜਿਹਨਾਂ ਦੀ ਹੁਣ ਭਾਲ ਕੀਤੀ ਜਾ ਰਹੀ ਹੈ। ਬੀਸੀ ਦੇ ਪਬਲਿਕ ਸੇਫ਼ਟੀ ਮਨਿਸਟਰ ਮਾਇਕ ਫਾਰਨਵਰਥ ਨੇ ਦੱਸਿਆ ਹੈ ਕਿ 1000 ਦੇ ਕਰੀਬ ਲੋਕ ਪਿੰਡ ਛੱਡ ਕੇ ਚਲੇ ਗਏ ਸਨ ਤੇ ਹੁਣ ਉਹ ਸਾਰੇ ਬੇਘਰ ਹੋ ਗਏ ਹਨ। ਕੈਸਲਗਾਰ ਕਸਬੇ ਵਿੱਚ ਵੀ ਅੱਗ ਨੇ ਕਹਿਰ ਬਰਸਾਇਆ ਹੈ। ਮੌਸਮ ਵਿੱਚ ਤਬਦੀਲੀ ਆਈ ਤਾਂ ਲੋਕਾਂ ਨੇ ਸੁੱਖ ਦਾ ਸਾਹ ਲਿਆ ਸੀ ਪਰ ਆਸਮਾਨੀ ਬਿਜਲੀ ਨੇ ਸਭ ਕੁੱਝ ਰਾਖ ਕਰ ਦਿੱਤਾ। ਆਸਮਾਨੀ ਬਿਜਲੀ ਕਾਰਨ ਕਈ ਹੋਰ ਥਾਂਈਂ ਅੱਗਾਂ ਲੱਗਣ ਦੀ ਸੂਚਨਾ ਹੈ। ਆਰਸੀਐਮਪੀ ਅਤੇ ਰੈਡ ਕ੍ਰੌਸ ਦੀਆਂ ਟੀਮਾਂ ਲੋਕਾਂ ਦੀ ਸਹਾਇਤਾ ਲਈ ਤੈਨਾਤ ਕੀਤੀਆਂ ਗਈਆਂ ਹਨ ਤੇ ਲਾਪਤਾ ਲੋਕਾਂ ਦੀ ਜ਼ੋਰਦਾਰ ਭਾਲ ਕੀਤੀ ਜਾ ਰਹੀ ਹੈ।



## ਠਾਹ ਠਾਹ ਕਰਨ ਵਾਲਾ ਲੋਕਾਂ ਨੇ ਢਾਹ ਲਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਕੈਲਗਰੀ ਸਾਊਥ ਈਸਟ ਵਿੱਚ ਗੋਲੀ ਚੱਲ ਗਈ ਹੈ ਅਤੇ ਦੋ ਜਣਿਆਂ ਦੇ ਜ਼ਖਮੀ ਹੋਣ ਦੀ ਖ਼ਬਰ ਹੈ। 50 ਸਟ੍ਰੀਟ ਸਾਊਥ ਈਸਟ ਦੇ 2100 ਬਲਾਕ ਵਿੱਚ ਇਹ ਘਟਨਾ ਵਾਪਰੀ ਦੱਸੀ ਗਈ ਹੈ। ?ਇਸਿਸ ਮੋਬਾਇਲ ਹੋਮ ਪਾਰਕ ਵਿੱਚ ਇਹ ਘਟਨਾ ਹੋਈ। ਗੋਲੀ ਚੱਲਣ ਦੀ ਅਵਾਜ਼ ਸੁਣ ਕੇ ਕਈ ਜਣਿਆਂ ਨੇ ਪੁਲਿਸ ਨੂੰ ਕਾਲ ਕਰ ਦਿੱਤੀ। ਗੋਲੀ ਚੱਲਣ ਮਗਰੋਂ ਕਿਸੇ ਵਿਅਕਤੀ ਦੇ ਚੀਕਣ 'ਤੇ ਰੌਲਾ ਪਾਉਣ ਦੀਆਂ ਆਵਾਜ਼ਾਂ ਵੀ ਸੁਣਾਈ ਦਿੱਤੀਆਂ। ਕਈ ਲੋਕਾਂ ਨੇ ਰਲ਼ ਕੇ ਹਮਲਾਵਰ ਨੂੰ ਕਾਬੂ ਕਰ ਲਿਆ ਤੇ ਪੁਲਿਸ ਦੇ ਆਉਣ ਤੱਕ ਉਸ ਨੂੰ ਦੱਬੀ ਬੈਠੇ ਰਹੇ। ਹਮਲਾਵਰ ਤੇ ਉਸ ਦੇ ਸ਼ਿਕਾਰ ਵਿਅਕਤੀ ਇੱਕ ਦੂਜੇ ਨੂੰ ਜਾਣਦੇ ਦੱਸੇ ਗਏ ਹਨ। ਮੌਕੇ 'ਤੇ ਹੀ ਇੱਕ ਗੱਡੀ ਪਲਟੀ ਹੋਈ ਵੀ ਮਿਲੀ ਹੈ ਤੇ ਇਸ ਗੱਡੀ ਦਾ ਇਸ ਘਟਨਾ ਨਾਲ ਵੀ ਸੰਬੰਧ ਦੱਸਿਆ ਗਿਆ ਹੈ। ਦੋਵਾਂ ਨੂੰ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ ਤੇ ਜਾਂਚ ਕੀਤੀ ਜਾ ਰਹੀ ਹੈ।

## 130 ਦੇ ਕਰੀਬ ਦੇਸ਼ਾਂ ਨੇ ਕਾਰਪੋਰੇਟ ਟੈਕਸਾਂ ਵਿੱਚ ਵਾਧੇ ਦੀ ਵਕਾਲਤ ਕੀਤੀ ਹੈ।



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਵੱਡੀਆਂ ਕਾਰਪੋਰੇਟ ਕੰਪਨੀਆਂ ਵੱਲੋਂ ਆਪਣੇ ਪ੍ਰੌਫਿਟਸ ਦੀ ਰਕਮ ਨੂੰ ਘੱਟ ਰੇਟਾਂ ਵਾਲੇ ਮੁਲਕਾਂ ਵਿੱਚ ਤਬਦੀਲ ਕੀਤੇ ਜਾਣ ਦੇ ਮਾਮਲਿਆਂ ਵਿੱਚ ਆਈ ਤੇਜ਼ੀ ਨੂੰ ਵੇਖਦਿਆਂ ਅਤੇ ਇਹਨਾਂ ਕੰਪਨੀਆਂ ਵੱਲੋਂ ਕਾਰਪੋਰੇਟ ਟੈਕਸਾਂ ਦੀ ਘੱਟ ਅਦਾਇਗੀ ਅਤੇ ਟੈਕਸ ਚੋਰੀ ਦੇ ਵਧਦੇ ਜਾ ਰਹੇ ਮਾਮਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਦੁਨੀਆ ਦੇ 130 ਦੇ ਕਰੀਬ ਦੇਸ਼ਾਂ ਨੇ ਕਾਰਪੋਰੇਟ ਟੈਕਸਾਂ ਵਿੱਚ ਵਾਧੇ ਦੀ ਵਕਾਲਤ ਕੀਤੀ ਹੈ। ਇਹ ਤਜਵੀਜ਼ ਅਮੈਰਿਕਾ ਵੱਲੋਂ ਰੱਖੀ ਗਈ ਸੀ। ਇਸ ਉੱਪਰ ਸਹਿਮਤੀ ਬਣਨ ਉਪਰੰਤ ਇਸ ਸੰਬੰਧੀ ਪਲੈਨ ਦਾ ਐਲਾਨ ਕਰ ਦਿੱਤਾ ਗਿਆ ਹੈ। ਗਲੋਬਲ ਮਿਨਿਮਮ ਟੈਕਸ 15% ਕੀਤੇ ਜਾਣ 'ਤੇ ਸਹਿਮਤੀ ਬਣ ਗਈ ਹੈ। ਅਜੇ ਕਈ ਹੋਰ ਟੈਕਨਿਕਲ ਡੀਟੇਲਜ਼ ਜਾਰੀ ਕੀਤੀਆਂ ਜਾਣੀਆਂ ਹਨ। ਇਹ ਯੋਜਨਾ ਸਾਲ 2023 ਤੋਂ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ।

## ਹਾਲੇ ਵੀ ਚਰਚਾਂ ਨੂੰ ਅੱਗਾਂ ਲੱਗ ਰਹੀਆਂ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ 4 ਜੁਲਾਈ ਦੀ ਰਾਤ ਕੈਲਗਰੀ ਦੇ ਫੌਰੈਸਟ ਲੌਨ ਇਲਾਕੇ ਵਿੱਚ ਪੈਂਦੀ ਇੱਕ ਹੋਰ ਚਰਚ ਨੂੰ ਅੱਗ ਲੱਗਣ ਦੀ ਸੂਚਨਾ ਹੈ। ਸ਼ਾਮੀਂ ਸਵਾ ਸੱਤ ਵਜੇ ਦੇ ਕਰੀਬ ਫਾਇਰ ਬ੍ਰਿਗੇਡ ਨੂੰ ਸੱਦਿਆ ਗਿਆ ਸੀ। ਜਦੋਂ ਅੱਗ ਬੁਝਾਊ ਅਮਲਾ ਮੌਕੇ 'ਤੇ ਪਹੁੰਚਿਆ ਤਾਂ ਸੰਘਣਾ, ਕਾਲਾ ਧੂੰਆਂ ਨਿੱਕਲ ਰਿਹਾ ਸੀ। ਅੱਗ ਉਪਰ ਛੇਤੀ ਹੀ ਕਾਬੂ ਪਾ ਲਿਆ ਗਿਆ। ਕਿਸੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ। ਜਿਸ ਵੇਲੇ ਇਹ ਅੱਗ ਲੱਗੀ, ਚਰਚ ਦੇ ਅੰਦਰ ਕੋਈ ਵੀ ਵਿਅਕਤੀ ਮੌਜੂਦ ਨਹੀਂ ਸੀ। ਚਰਚ ਦੇ ਅੰਦਰ ਧੂੰਏਂ ਕਾਰਨ ਅਤੇ ਬਾਹਰ ਅੱਗ ਕਾਰਨ ਇਸ ਬਿਲਡਿੰਗ ਨੂੰ ਕਾਫੀ ਨੁਕਸਾਨ ਪਹੁੰਚਿਆ ਦੱਸਿਆ ਗਿਆ ਹੈ। ਇਸ ਬਿਲਡਿੰਗ ਦਾ ਪ੍ਰਬੰਧ ਕੈਲਗਰੀ-ਵੀਅਤਨੈਮੀਜ਼ ਐਲਾਇੰਸ ਕੋਲ ਦੱਸਿਆ ਗਿਆ ਹੈ ਤੇ ਪਹਿਲੇ ਦਿਨ ਇੱਥੇ ਪੂਰੀ ਗਿਣਤੀ ਵਿੱਚ ਲੋਕਾਂ ਵੱਲੋਂ ਆ ਕੇ ਪ੍ਰਾਰਥਨਾਵਾਂ ਕੀਤੀਆਂ ਗਈਆਂ ਸਨ। ਫਿਲਹਾਲ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਅੱਗ ਕਿਵੇਂ ਲੱਗੀ।















# ਦੋਸ਼ੀ ਪਾਏ ਗਏ ਕੈਲਗਰੀ ਪੁਲਿਸ ਦੇ ਅਧਿਕਾਰੀ ਨੂੰ ਇੱਕ ਮਹੀਨੇ ਦੀ ਕੰਡਿਸ਼ਨਲ ਸਜ਼ਾ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਾਲੇ ਮੂਲ ਦੀ ਇੱਕ ਔਰਤ ਉੱਪਰ ਹਿਰਾਸਤ ਦੌਰਾਨ ਉਸ ਉੱਪਰ ਹਮਲਾ ਕਰਕੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦੇਣ ਦੀ ਘਟਨਾ ਵਿੱਚ ਦੋਸ਼ੀ ਪਾਏ ਗਏ ਕੈਲਗਰੀ ਪੁਲਿਸ ਦੇ ਅਧਿਕਾਰੀ ਨੂੰ ਇੱਕ ਮਹੀਨੇ ਦੀ ਕੰਡਿਸ਼ਨਲ ਸਜ਼ਾ ਦਿੱਤੇ ਜਾਣ 'ਤੇ ਕੈਲਗਰੀ ਪੁਲਿਸ ਦੇ ਐਂਟਾਇ ਰੇਸਿਜ਼ਮ ਐਕਸ਼ਨ ਕਮੇਟੀ ਦੇ ਮੈਂਬਰ ਐਡਮ ਮੈਸਾਇਆ ਨੇ ਮੰਗ ਕੀਤੀ ਹੈ ਕਿ ਪੁਲਿਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਇਸ ਅਧਿਕਾਰੀ ਨੂੰ ਨੌਕਰੀ ਤੋਂ ਬਰਖਾਸਤ ਕਰੇ। ਮੈਸਾਇਆ ਨੇ ਕਿਹਾ ਕਿ ਪੁਲਿਸ ਅਧਿਕਾਰੀ ਐਲੈਕਸ ਡੰਨ ਨੂੰ ਸਜ਼ਾ ਅਦਾਲਤ ਨੇ ਨਹੀਂ ਦਿੱਤੀ ਪਰ ਕੈਲਗਰੀ ਪੁਲਿਸ ਨੂੰ ਚਾਹੀਦਾ ਹੈ ਕਿ ਉਹ ਉਸ ਨੂੰ ਬਣਦੀ ਸਜ਼ਾ ਦੇਵੇ। ਡਿਫੈਂਸ ਵਕੀਲ ਦਾ ਕਹਿਣਾ ਸੀ ਕਿ ਅਧਿਕਾਰੀ ਨੇ ਉਸ ਔਰਤ ਉੱਪਰ ਇਸ ਕਰਕੇ ਹਮਲਾ ਨਹੀਂ ਕੀਤਾ ਸੀ ਕਿ ਉਹ ਕਾਲੇ ਮੂਲ ਦੀ ਸੀ ਤੇ ਜੱਜ ਨੇ ਵੀ ਆਪਣੇ ਫੈਸਲੇ ਵਿੱਚ ਇਹੀ ਕਿਹਾ ਸੀ। ਉੱਧਰ ਐਡਮ ਮੈਸਾਇਆ ਦਾ ਕਹਿਣਾ ਹੈ ਕਿ ਕਾਲੇ ਲੋਕਾਂ ਪ੍ਰਤੀ ਨਫ਼ਰਤ ਬੋਲ ਕੇ ਪ੍ਰਗਟ ਨਹੀਂ ਹੁੰਦੀ, ਐਕਸ਼ਨ ਆਪਣੇ ਆਪ ਵਿੱਚ ਦੱਸ ਦਿੰਦੇ ਹਨ। ਐਲੈਕਸ ਡੰਨ ਆਪਣੀ ਅੱਧੀ ਸਜ਼ਾ ਆਪਣੇ ਘਰ ਵਿੱਚ ਨਜ਼ਰਬੰਦ ਰਹਿ ਕੇ ਅਤੇ ਬਾਕੀ ਅੱਧੀ ਸਜ਼ਾ ਕਰਫਿਊ ਹੇਠ ਪੂਰੀ ਕਰੇਗਾ।

# ਕੋਕਾ ਕੋਲਾ ਸਮੇਤ ਹੋਰ ਕਈ ਕੰਪਨੀਆਂ ਨੇ ਕੈਲਗਰੀ ਦੇ ਮੇਲੇ ਸਟੈਂਪੀਡ ਤੋਂ ਬਣਾਈ ਦੂਰੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸਟੈਂਪੀਡ ਨੂੰ ਹਰ ਸਾਲ ਆਰਥਿਕ ਸਹਾਇਤਾ ਕਰਦੀਆਂ ਆ ਰਹੀਆਂ ਕਈ ਕੰਪਨੀਆਂ ਨੇ ਇਸ ਸਾਲ ਆਪਣਾ ਹੱਥ ਪਿਛਾਂਹ ਖਿੱਚ ਲਿਆ ਹੈ। ਮੈਕਡੌਨੈਲਡਜ਼, ਕੋਕਾ ਕੋਲਾ, ਯੂ.ਐਫ.ਏ., ਕਾਰ-ਸਟਾਰ, ਸੁਪਰ-ਏਟ, ਕੈਲਗਰੀ ਕੋ-ਔਪ ਵਾਲਿਆਂ ਨੇ ਇਸ ਸਾਲ ਖੁਦ ਨੂੰ ਸਟੈਂਪੀਡ ਤੋਂ ਵੱਖ ਅਤੇ ਦੂਰ ਕਰ ਲਿਆ ਹੈ। ਸਪਾਂਸਰਾਂ ਅਤੇ ਮਾਰਕਿਟਿੰਗ ਮਾਹਿਰਾਂ ਦਾ ਕਹਿਣਾ ਹੈ ਕਿ ਬਹੁਤੇ ਲੋਕਾਂ ਦਾ ਮਨ ਹੈ ਕਿ ਉਹ ਸਟੈਂਪੀਡ ਵਿੱਚ ਸ਼ਾਮਿਲ ਨਹੀਂ ਹੋਣਗੇ ਤੇ ਵਾਇਰਸ ਅਜੇ ਪੂਰੀ ਤਰ੍ਹਾਂ ਗਿਆ ਨਹੀਂ ਹੈ ਤੇ ਖਤਰਾ ਲਾਗਾਤਾਰ ਬਣਿਆ ਹੋਇਆ ਹੈ। ਅਜਿਹੇ ਵਿੱਚ, ਰੱਬ ਨਾ ਕਰੇ, ਕਿ ਜੇ ਵਾਇਰਸ ਫੈਲ ਗਿਆ ਤਾਂ ਇਸ ਦਾ ਬੁਰਾ ਅਸਰ ਇਹਨਾਂ ਕੰਪਨੀਆਂ ਉੱਪਰ ਵੀ ਪੈ ਸਕਦਾ ਹੈ, ਇਸ ਲਈ ਇਸ ਸਾਲ ਉਹਨਾਂ ਨੇ ਸਟੈਂਪੀਡ ਤੋਂ ਬਾਹਰ ਰਹਿਣ ਦਾ ਫੈਸਲਾ ਲਿਆ ਹੈ। ਇਹਨਾਂ ਕੰਪਨੀਆਂ ਦੇ ਇਸ ਫੈਸਲੇ ਨਾਲ ਨੌਨ-ਪਰੌਫਿਟ ਸੰਸਥਾ – ਕੈਲਗਰੀ ਸਟੈਂਪੀਡ – ਨੂੰ ਸਾਢੇ 26 ਮਿਲੀਅਨ ਡਾਲਰਾਂ ਦਾ ਨੁਕਸਾਨ ਹੋ ਗਿਆ ਹੈ। ਸਾਲ 2019 ਵਿੱਚ 33 ਕੰਪਨੀਆਂ ਨੇ ਸਟੈਂਪੀਡ ਨੂੰ ਸਪਾਂਸਰ ਕੀਤਾ ਸੀ ਪਰ ਇਸ ਸਾਲ ਹੁਣ 27 ਕੰਪਨੀਆਂ ਰਹਿ ਗਈਆਂ ਹਨ।

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

# ਬੀ ਸੀ ਵਿੱਚ ਪੁਰਾਣੇ ਸਕੂਲ ਦੇ ਨੇੜਿਓਂ 182 ਵਿਅਕਤੀਆਂ ਦੀਆਂ ਹੱਡੀਆਂ ਦੇ ਸਬੂਤ ਮਿਲੇ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੇ ਕ੍ਰੈਨਬਰੁਕ ਨੇੜੇ ਸਾਬਕਾ ਰੈਜ਼ਿਡੈਂਸ਼ੀਅਲ ਸਕੂਲ – ਸੇਂਟ ਯੂਜੀਨ'ਜ਼ ਮਿਸ਼ਨ ਸਕੂਲ ਨੇੜਿ?' ਜ਼ਮੀਨ ਦੇ 3-4 ਫੁੱਟ ਹੇਠਾਂ ਤੋਂ 182 ਵਿਅਕਤੀਆਂ ਦੀਆਂ ਹੱਡੀਆਂ ਮਿਲੀਆਂ ਹਨ। ਲੋਅਰ ਕੂਟਨੇ ਬੈਂਡ ਦਾ ਕਹਿਣਾ ਹੈ ਕਿ ਪਿਛਲੇ ਸਾਲ ਇਹਨਾਂ ਦੀ ਭਾਲ ਕਰਨੀ ਸ਼ੁਰੂ ਕੀਤੀ ਗਈ ਸੀ। ਲੋਅਰ ਕੂਟਨੇ ਬੈਂਡ ਦੇ ਕਈ ਮੈਂਬਰਾਂ ਨੂੰ ਇਸ ਰੈਜ਼ਿਡੈਂਸ਼ੀਅਲ ਸਕੂਲ ਵਿੱਚ ਪੜ੍ਹਣ ਜਾਣ ਲਈ ਮਜਬੂਰ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਕੈਮਲੂਪਸ ਵਿੱਚ 215, ਸੈਸਕੈਚਟਵਾਨ ਵਿੱਚ 751 ਵਿਅਕਤੀਆਂ ਦੀਆਂ ਹੱਡੀਆਂ ਮਿਲ ਚੁੱਕੀਆਂ ਹਨ ਤੇ ਇਹਨਾਂ 182 ਵਿਅਕਤੀਆਂ ਸਮੇਤ ਹੁਣ ਤੱਕ 1148 ਵਿਅਕਤੀਆਂ ਦੀਆਂ ਹੱਡੀਆਂ ਮਿਲਣ ਦੀ ਸੂਚਨਾ ਮਿਲ ਚੁੱਕੀ ਹੈ। ਮੂਲ ਨਿਵਾਸੀਆਂ ਦੇ ਲਗਪਗ ਡੇਢ ਲੱਖ ਬੱਚਿਆਂ ਨੂੰ ਆਰ.ਸੀ.ਐਮ.ਪੀ. ਨੇ ਜ਼ਬਰਦਸਤੀ ਇਹਨਾਂ ਸਕੂਲਾਂ ਵਿੱਚ ਲਿਆਂਦਾ ਸੀ। ਕੈਲਗਰੀ ਦੇ ਪੂਰਬ ਵੱਲ ਸਿਕਸਿਕਾ ਨੇਸ਼ਨ ਵਿੱਚ 4 ਥਾਵਾਂ 'ਤੇ ਅਜਿਹੀਆਂ ਕਬਰਾਂ ਲੱਭਣ ਲਈ ਜੀ.ਪੀ.ਆਰਜ਼ – ਗ੍ਰਾਊਂਡ ਪੈਨਿਟ੍ਰੇਟਿੰਗ ਰੇਡਾਰਜ਼ ਦੀ ਵਰਤੋਂ ਕੀਤੀ ਜਾ ਰਹੀ ਹੈ।

HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

PUNJAB LAND DOCUMENTS WRITER & SERVICES PROVIDER (REGD.)
ਕੈਨੇਡਾ ਬੈਠਿਆਂ ਹੀ ਹੁਣ ਤੁਸੀਂ ਆਪਣੇ ਪੰਜਾਬ ਨਾਲ ਸਬੰਧਿਤ ਇਹੋ ਜਿਹੇ ਕੰਮ ਕਰਵਾ ਸਕਦੇ ਹੋ।
1. ਜ਼ਮੀਨਾਂ ਦੀ ਜਮਾਂਬੰਦੀ ਪ੍ਰਾਪਤ ਕਰੋ, ਮਾਲਕੀ, ਗਿਰਦਾਵਰੀ, ਫਰਦ ਨਾਲ ਛੇੜਛਾੜ ਦੇਖੋ, ਰਕਬਾ ਕੱਢਿਆ ਜਾਂਦਾ ਹੈ।
2. ਜ਼ਮੀਨ ਟਰਾਂਸਫਰ, ਤਕਸੀਮ, ਕੇਸ ਪੈਰਵੀ, ਮੋਟਰ ਕੁਨੈਕਸਨ, ਵਸੀਅਤ (Wills), ਮੁਖਤਿਆਰਨਾਮੇ (Attorney) ਕਿਰਾਏਨਾਮਾ, ਭੌਂ ਮਾਮਲਾ, ਤਬਾਦਲਾ, ਜ਼ਮੀਨੀ ਹੱਕ ਆਦਿ।
3. ਜ਼ਮੀਨ ਮਾਲਕ ਦੀ ਮੌਤ ਪਿੱਛੋਂ ਵਰਾਸਤ, ਕਿਸੇ ਕਿਸਮ ਦੇ ਇੰਤਕਾਲ (Mutation), ਨਾਮ ਕਰਵਾਉਣਾ।
4. ਫੈਮਿਲੀ ਵੰਡ, ਹਲਫੀਆ ਬਿਆਨ, ਅਥਾਰਟੀ ਲੈਟਰ, ਫਰਦ ਬਦਰ (ਸੋਧ), ਗਿਰਦਾਵਰੀ ਦਰੁਸਤੀ, ਵਾਰਸ ਸਰਟੀਫਿਕੇਟ, Pan Card, ਪੈਨ ਕਾਰਡ, ਬੈਂਕਾਂ ਸਬੰਧੀ, ਕਿਸੇ ਮਹਿਕਮੇ ਦੇ N.R.I (ਥਾਣੇ) ਸ਼ਿਕਾਇਤ ਦਰਖਾਸਤਾਂ।
5. ਜ਼ਮੀਨ (ਪ੍ਰਾਪਰਟੀ) ਸਬੰਧੀ ਕੋਈ ਮਸਲਾ-ਝਮੇਲਾ, ਕਬਜਾ, ਅਦਾਲਤੀ ਕੇਸ, ਦਾਜ ਦਹੇਜ, ਜਨਮ ਤੇ ਮੈਰਿਜ ਸਰਟੀਫਿਕੇਟ।
6. ਕਿਸੇ ਤਹਿਸੀਲ, ਦਫ਼ਤਰ ਜਾਂ ਅਦਾਲਤ ਦਾ ਰਿਕਾਰਡ ਲੈਣਾ ਜ਼ਮੀਨੀ ਨਕਸ਼ੇ ਲੈਣੇ।
7. ਜ਼ਮੀਨਾਂ ਦੇ ਦਸਤਾਵੇਜਾਂ ਬਾਰੇ ਰੈ-ਮਸ਼ਵਰਾ, ਧੋਖਾ ਧੜੀ, ਅਦਾਲਤੀ ਸਟੇਅ ਆਦਿ।
8. ਪ੍ਰਾਪਰਟੀ ਵੇਚਣ-ਖਰੀਦਣ ਲਈ, (ਸਿਰਫ ਜਿਲਾ ਲੁਧਿਆਣਾ, ਮੋਗਾ, ਬਰਨਾਲਾ) ਜ਼ਮੀਨਾਂ ਕੈਨੇਡਾ ਬੈਠੇ ਖਰੀਦੋ ਅਤੇ ਨਾਮ ਕਰਵਾਓ।
Office: 6105 Saddlehorn Dr NE Calgary (AB)
A.S.Toor (Documents Writer)
ਅਵਤਾਰ ਸਿੰਘ ਤੂਰ (ਡਾਕੂਮੈਂਟਸ ਰਾਈਟਰ)
587-581-1313
ਈ ਮੇਲ: avtartoor1961@gmail.com
ਤੁਸੀਂ ਖੁਦ ਪੰਜਾਬ ਜਾਕੇ ਦਫਤਰਾਂ ਦੀ ਖੱਜਲ-ਖੁਆਰੀ ਤੋਂ ਬਚਣ ਲਈ, ਆਪਣਾ ਕੀਮਤੀ ਸਮਾਂ ਬਚਾਉਂਦੇ ਹੋਏ ਕੈਲਗਰੀ ਵਿਖੇ ਸਾਡੇ ਦਫਤਰ ਨਾਲ ਸੰਪਰਕ ਕਰੋ।
ਡਾਕੂਮੈਂਟਸ ਇੰਡੀਆ ਰੂਲਜ ਮੁਤਾਬਿਕ ਇੱਥੇ (ਕੈਨੇਡਾ) ਵਿਖੇ ਹੀ ਲਿਖੇ ਜਾਂਦੇ ਹਨ।
All kinds of mobile and immobile properties documents are written and prepared here.
EXPERIENCE FOR 35 YEARS CIVIL COURT IN JAGRAON (LDH) PB.

WARD TIRECRAFT
COMMERCIAL AGRICULTURE PASSENGER
HD ALIGNMENT
CERTIFIED SGI INSPECTION STATION
ਜਾਨਦਾਰ ਤੇ ਵਜਨਦਾਰ ਨਵੇਂ ਟਾਇਰ ਖਰੀਦਣ ਲਈ ਸਾਡੇ ਸਟੋਰ ਤੇ ਆਉ
Enjoy Greater Vehicle Performance With Our Wide Selection of Quality Tires From Leading Brands!
Free Installation & Balance on set of 4
10% OFF — 10% off on semi truck alignment when you buy 2 new steer tires.
FREE SERVICES — Free installation and balancing with purchase of 4 passenger tires
CALL TODAY FOR AN ESTIMATE!
(306) 230-9025, (306) 715-8716
801 - 48th Street East, Saskatoon, SK S7K 0X5
www.wardtires.com
UNIROYAL LAUFENN HANKOOK GENERAL TIRE BFGoodrich COOPER TIRES TOYO TIRES MICHELIN HERCULES TIRES GOODYEAR BRIDGESTONE FALKEN TIRES GT RADIAL Firestone Continental YOKOHAMA KUMHO TIRE PIRELLI

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੈ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142



## ਸੰਪਾਦਕੀ

ਆਪਣੀ ਜ਼ਿੰਦਗੀ ਉਸਦੇ ਨਾਲ ਬਿਤਾਓ, ਜੋ ਤੁਹਾਨੂੰ ਖ਼ੁਸ਼ੀ ਦੇਵੇ ਉਸਦੇ ਨਾਲ ਨਹੀਂ ਜਿਹਨੂੰ ਤੁਹਾਨੂੰ ਪ੍ਰਭਾਵਿਤ ਕਰਨਾ ਹੋਵੇ

## ਅਫਗਾਨਿਸਤਾਨ ਵਿੱਚ ਗਹਿਰਾਉਂਦਾ ਸੰਕਟ

ਅਫਗਾਨਿਸਤਾਨ ਫਿਰ ਤੋਂ ਗੰਭੀਰ ਸੰਕਟ ਵਿੱਚ ਹੈ। ਅਮਰੀਕੀ ਫੌਜ ਦੀ ਵਾਪਸੀ ਨਾਲ ਹੀ ਤਾਲਿਬਾਨ ਰਾਜ ਦੀ ਵਾਪਸੀ ਹੋਣ ਲੱਗੀ ਹੈ। ਤਾਲਿਬਾਨ ਦੇ ਹਮਲਾਵਰ ਰੁਖ ਅਪਣਾਉਂਦੇ ਮੁਲਕ ਉਤੇ ਕਬਜ਼ੇ ਦੀ ਜੰਗ ਛੇੜ ਦਿੱਤੀ ਹੈ। ਦਾਅਵਾ ਹੈ ਕਿ ਦੇਸ਼ ਦੇ 421 ਜ਼ਿਲ੍ਹਿਆਂ ਵਿੱਚੋਂ 150 ਤੋਂ ਜ਼ਿਆਦਾ ਜ਼ਿਲ੍ਹਿਆਂ 'ਤੇ ਉਸ ਦਾ ਕੰਟਰੋਲ ਹੋ ਗਿਆ ਹੈ। ਜਿਵੇਂ-ਜਿਵੇਂ ਤਾਲਿਬਾਨ ਲੜਾਕੇ ਅੱਗੇ ਵੱਧ ਰਹੇ ਹਨ, ਅਫਗਾਨ ਫੌਜੀ ਪਹਿਲਾਂ ਹੀ ਹਥਿਆਰ ਸੁੱਟ ਰਹੇ ਹਨ। ਅਫਗਾਨ ਫੌਜ ਦੇ ਕਈ ਫੌਜੀ ਤਾਂ ਜਾਨ ਬਚਾਉਣ ਦੇ ਲਈ ਗੁਆਂਢੀ ਦੇਸ਼ ਤਾਜਿਕਸਤਾਨ ਵਿੱਚ ਨਸ ਗਏ ਹਨ। ਇਸ ਤੋਂ ਸਹਿਜ ਹੀ ਇਹ ਅੰਦਾਜ਼ਾ ਲੱਗ ਜਾਂਦਾ ਹੈ ਕਿ ਅਫਗਾਨ ਫੌਜ ਦੀ ਸਥਿੱਤੀ ਕਮਜ਼ੋਰ ਪੈ ਗਈ ਹੈ। ਉਹ ਤਾਲਿਬਾਨ ਲੜਾਕਿਆਂ ਦਾ ਸਾਹਮਣਾ ਕਰਨ ਤੋਂ ਹਾਰ ਚੁੱਕੇ ਹਨ। ਇਹ ਵੱਡੇ ਖਤਰੇ ਦਾ ਸੰਕੇਤ ਹੈ। ਜੇਕਰ ਤਾਲਿਬਾਨ ਇਸ ਤਰ੍ਹਾਂ ਲੜਦੇ ਹੋਏ ਦੇਸ਼ ਦੇ ਦੂਜੇ ਹਿੱਸਿਆਂ 'ਤੇ ਕਬਜ਼ਾ ਜਮਾਉਣ ਵਿੱਚ ਕਾਮਯਾਬ ਹੋ ਗਏ ਤਾਂ ਦੇਸ਼ ਫਿਰ ਤੋਂ ਪੱਥਰ ਯੁੱਗ ਵਿੱਚ ਚਲਾ ਜਾਵੇਗਾ। ਸੱਚ ਤਾਂ ਇਹ ਹੈ ਕਿ ਅਫਗਾਨਿਸਤਾਨ ਅੱਜ ਯੁੱਧ ਦੇ ਜਿਸ ਦਲ ਦਲ ਵਿੱਚ ਫਸਿਆ ਹੋਇਆ ਹੈ, ਉਸ ਦੇ ਮੂਲ ਵਿੱਚ ਅਮਰੀਕੀ ਨੀਤੀਆਂ ਹਨ। ਪਹਿਲਾਂ ਤਾਂ ਸਾਲਾਂ ਬੱਧੀ ਇਹ ਮੁਲਕ ਰੂਸ ਅਤੇ ਅਮਰੀਕਾ ਦੀ ਜੰਗ ਦਾ ਅਖਾੜਾ ਬਣਿਆ ਰਿਹਾ। ਫਿਰ ਸਤੰਬਰ 2001 ਵਿੱਚ ਨਿਊਯਾਰਕ ਅਤੇ ਵਾਸ਼ਿੰਗਟਨ ਵਿੱਚ ਅਲ ਕਾਇਦਾ ਦੇ ਅੱਤਵਾਦੀ ਹਮਲਿਆਂ ਦੇ ਬਾਅਦ ਅਮਰੀਕਾ ਨੇ ਤਾਲਿਬਾਨ ਅਤੇ ਅਲ ਕਾਇਦਾ ਨੂੰ ਮਿਟਾਉਣ ਲਈ ਅਫਗਾਨਿਸਤਾਨ ਵਿੱਚ ਡੇਰਾ ਜਮਾਇਆ ਜਦ ਕਿ ਤਾਲਿਬਾਨ ਅਤੇ ਅਲ ਕਾਇਦਾ ਨੂੰ ਖੜ੍ਹਾ ਕਰਨ ਵਿੱਚ ਅਮਰੀਕਾ ਦੀ ਹੀ ਭੂਮਿਕਾ ਰਹੀ ਹੈ। ਅਮਰੀਕਾ ਇਹ ਵੀ ਸਮਝ ਚੁੱਕਾ ਹੈ ਕਿ ਉਸ ਦਾ ਜੋ ਹਸ਼ਰ ਵੀਅਤਨਾਮ ਅਤੇ ਇਰਾਕ ਵਿੱਚ ਹੋਇਆ, ਓਹੀ ਅਫਗਾਨਿਸਤਾਨ ਵਿੱਚ ਹੋ ਰਿਹਾ ਹੈ। ਇਸ ਲਈ ਇੱਥੋਂ ਨਿਕਲਣ ਵਿੱਚ ਹੀ ਭਲਾਈ ਹੈ। ਦੋ ਦਹਾਕਿਆਂ ਵਿੱਚ ਅਫਗਾਨਿਸਤਾਨ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਅਮਰੀਕੀ ਅਤੇ ਨਾਟੋ ਫੌਜੀ ਮਾਰੇ ਗਏ। ਅਮਰੀਕੀ ਅਰਥ ਵਿਵਸਥਾ 'ਤੇ ਵੀ ਇਸ ਅਸਰ ਪੈ ਰਿਹਾ ਸੀ। ਇਸ ਲਈ ਅਮਰੀਕਾ ਅਫਗਾਨਿਸਤਾਨ ਨੂੰ ਆਪਣੇ ਹਾਲ 'ਤੇ ਛੱਡ ਕੇ ਤੁਰ ਪਿਆ ਹੈ। ਅੱਜ ਅਮਰੀਕੀ ਫੌਜ ਦੇ ਬਿਨਾ ਅਫਗਾਨਿਸਤਾਨੀ ਫੌਜ ਇੱਕ ਤਰ੍ਹਾਂ ਨਾਲ ਨਿਹੱਥੀ ਹੈ। ਇਸ ਲਈ ਹੁਣ ਤਾਲਿਬਾਨ ਦੇ ਲਈ ਅਫਗਾਨਿਸਤਾਨ 'ਤੇ ਕਬਜ਼ਾ ਕਰਨਾ ਆਸਾਨ ਹੋ ਗਿਆ ਹੈ। ਤਾਲਿਬਾਨ ਦੀ ਤਾਕਤ ਦੇ ਪਿੱਛੇ ਪਾਕਿਸਤਾਨ ਹੈ, ਇਸ ਕਿਸੇ ਤੋਂ ਲੁਕਿਆ ਨਹੀਂ ਹੈ। ਪਾਕਿਸਤਾਨ ਉਸ ਨੂੰ ਫਿਰ ਤੋਂ ਸੱਤਾ ਵਿੱਚ ਪਹੁੰਚਾਉਣ ਵਿੱਚ ਲੱਗਾ ਹੋਇਆ ਹੈ। ਇਸ ਦੇ ਲਈ ਉਹ ਲੜਾਕਿਆਂ ਦੀ ਫੌਜ ਖੜ੍ਹੀ ਕਰ ਰਿਹਾ ਹੈ ਜੋ ਅਫਗਾਨਿਸਤਾਨੀ ਫੌਜ ਨਾਲ ਲੜਨ ਵਿੱਚ ਤਾਲਿਬਾਨ ਦਾ ਸਾਥ ਦੇਵੇਗੀ। ਪਿਛਲੇ ਦਿਨੀਂ ਤਾਲਿਬਾਨ ਨੇ ਅਫਗਾਨਿਸਤਾਨ ਦੇ ਕਈ ਸ਼ਹਿਰਾਂ ਵਿੱਚ ਆਤਮਘਾਤੀ ਹਮਲੇ ਵੀ ਕੀਤੇ, ਤਾਂਕਿ ਲੋਕ ਦਹਿਸ਼ਤ ਵਿੱਚ ਆ ਜਾਣ ਅਤੇ ਘਰਾਂ ਵਿੱਚੋਂ ਨਿਕਲਣਾ ਬੰਦ ਕਰ ਦੇਣ। ਉਸ ਨੇ ਆਪਣੇ ਕਬਜ਼ੇ ਵਾਲੇ ਇਲਾਕਿਆਂ ਵਿੱਚ ਫਿਰ ਤੋਂ ਤਾਲਿਬਾਨੀ ਕਾਨੂੰਨ ਲਾਗ ਕਰ ਦਿੱਤੇ ਹਨ। ਮਹਿਲਾਵਾਂ ਦਾ ਘਰ ਤੋਂ ਨਿਕਲਣਾ ਬੰਦ ਹੈ। ਪੁਰਸ਼ਾਂ ਨੂੰ ਲੰਬੀ ਦਾੜ੍ਹੀ ਰਖਵਾਈ ਜਾ ਰਹੀ ਹੈ। ਸਿੱਖਿਆ ਸੰਸਥਾਵਾਂ 'ਤੇ ਤਾਲੇ ਲੱਗ ਗਏ ਹਨ। ਮਹਿੰਗਾਈ ਵਧਣ ਲੱਗੀ ਹੈ। ਸਰਕਾਰੀ ਇਮਾਰਤਾਂ ਢਾਹੀਆ ਜਾ ਰਹੀਆਂ ਹਨ। ਹਜ਼ਾਰਾਂ ਅਫਗਾਨ ਨਾਗਰਿਕ ਦੂਜੇ ਦੇਸ਼ਾਂ ਵਿੱਚ ਪਨਾਹ ਲੈਣ ਦਾ ਜੁਗਾੜ ਕਰ ਰਹੇ ਹਨ। ਇਹ ਹਾਲਾਤ ਅਫਗਾਨਿਸਤਾਨ ਦੇ ਖੌਫਨਾਕ ਭਵਿੱਖ ਦੀ ਤਸਵੀਰ ਬਣਾਉਣ ਲਈ ਕਾਫੀ ਹੈ। ਹੁਣ ਅਫਗਾਨਿਸਤਾਨ ਵਿੱਚ ਖੂਨ ਖਰਾਬਾ ਹੋਰ ਵਧੇਗਾ। ਚੁਣੀ ਹੋਈ ਸਰਕਾਰ ਵੀ ਆਸਾਨੀ ਨਾਲ ਸੱਤਾ ਨਹੀਂ ਛੱਡਣ ਵਾਲੀ। ਅਜਿਹੇ ਵਿੱਚ ਸਰਕਾਰੀ ਸੁਰੱਖਿਆ ਬਲਾਂ ਅਤੇ ਤਾਲਿਬਾਨ ਲੜਾਕਿਆਂ ਦੇ ਖੂਨੀ ਸੰਘਰਸ਼ ਨੂੰ ਕੌਣ ਰੋਕ ਸਕਦਾ ਹੈ। ਸੱਚਾਈ ਤਾਂ ਇਹ ਹੈ ਕਿ ਅਮਰੀਕਾ, ਪਾਕਿਸਤਾਨ ਜਿਹੇ ਦੇਸ਼ਾਂ ਨੇ ਹੀ ਅਫਗਾਨਿਤਸਾਨ ਨੂੰ ਯੁੱਧ ਦੀ ਅੱਗ ਵਿੱਚ ਝੋਕਿਆ ਹੈ। ਕਿਸੇ ਦੇ ਲਈ ਸ਼ਾਂਤੀ ਵਾਰਤਾਵਾਂ ਦਾ ਕੋਈ ਮਤਲਬ ਨਹੀਂ ਰਹਿ ਗਿਆ ਹੈ। ਅਫਗਾਨਿਸਤਾਨ ਦੇ ਇਹ ਹਾਲਾਤ ਭਾਰਤ ਦੇ ਲਈ ਵੀ ਪ੍ਰੇਸ਼ਾਨੀ ਪੈਦਾ ਕਰ ਰਹੇ ਹਨ। ਉਥੇ ਕਈ ਭਾਰਤੀ ਪ੍ਰਾਜੈਕਟ ਚਲ ਰਹੇ ਹਨ। ਭਾਰਤ ਨੇ ਤਾਲਿਬਾਨ ਦੀ ਸੱਤਾ ਨੂੰ ਪਹਿਲਾਂ ਵੀ ਸਮਰਥਨ ਨਹੀਂ ਦਿੱਤਾ ਸੀ। ਅਜਿਹੇ ਵਿੱਚ ਜੇਕਰ ਫਿਰ ਤੋਂ ਉੱਥੇ ਤਾਲਿਬਾਨ ਸ਼ਾਸਨ ਆ ਗਿਆ ਤਾਂ ਇਹ ਭਾਰਤ ਦੇ ਲਈ ਵੀ ਘੱਟ ਵੱਡਾ ਸੰਕਟ ਨਹੀਂ ਹੋਵੇਗਾ।

**ਸੁਖਜਿੰਦਰ ਸਮਰਾ**
ਮੋ. 95835-92000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ, ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ, ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਕੀ ਕੁੰਵਰ ਵਿਜੈ ਪ੍ਰਤਾਪ ਸਿੰਘ/ਅਧਿਕਾਰੀਆਂ ਦਾ ਸਿਆਸਤ ਵਿੱਚ ਆਉਣਾ ਜ਼ਾਇਜ ਹੈ?



**ਉਜਾਗਰ ਸਿੰਘ**
**ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ**
ਮੋਬਾਈਲ-94178 13072

ਸਿਆਸਤ ਨੂੰ ਸ਼ਤਰੰਜ ਦੀ ਖੇਡ ਕਿਹਾ ਜਾਂਦਾ ਹੈ, ਇਸ ਤੋਂ ਇਲਾਵਾ ਸਿਆਸਤ ਬਾਰੇ ਹੋਰ ਵੀ ਬਹੁਤ ਸਾਰੀਆਂ ਧਾਰਨਾਵਾਂ ਬਣੀਆਂ ਹੋਈਆਂਹਨ। ਸਿਆਸਤ ਖਾਸ ਤੌਰ ਤੇ ਭਾਰਤ ਵਿੱਚ ਬਹੁਤ ਬਦਨਾਮ ਹੋ ਚੁੱਕੀ ਹੈ ਕਿਉਂਕਿ ਕੁੱਝ ਕੁ ਸਿਆਸਤਦਾਨਾ ਨੇ ਪਰਜਾਤੰਤਰ ਦੀ ਪਵਿਤਰਤਾ ਅਤੇਮਰਿਆਦਾ ਨੂੰ ਮਿੱਟੀ ਵਿਚ ਮਿਲਾ ਦਿੱਤਾ ਹੈ। ਕੁਝ ਹੱਦ ਤੱਕ ਭਰਿਸ਼ਟਚਾਰ ਭਾਰੂ ਹੋ ਗਿਆ ਹੈ। ਕੁੱਝ ਕੁ ਗਿਣਵੀਆਂ ਚੁਣਵੀਆਂ ਪਾਰਟੀਆਂ ਨੇ ਧਰਮਨੂੰ ਸਿਆਸਤ ਦਾ ਆਧਾਰ ਬਣਾ ਲਿਆ ਹੈ। ਹਾਲਾਂ ਕਿ ਧਰਮ ਤਾਂ ਅਤਿਅੰਤ ਪਵਿਤਰ ਅਤੇ ਮਾਨਵਤਾ ਨੂੰ ਸਿੱਧੇ ਰਸਤੇ ਪਾਉਣ ਦਾ ਸਾਧਨ ਬਣਦਾਹੈ। ਸਿਆਸਤ ਧਰਮ ਦੇ ਸਿਧਾਂਤਾਂ 'ਤੇ ਪਹਿਰਾ ਦੇਣ ਤੋਂ ਗੁਰੇਜ਼ ਕਰਦੀ ਹੈ। ਅਜਿਹੇ ਹਾਲਾਤ ਵਿੱਚ ਜਦੋਂ ਵਿਚਾਰਧਾਰਾ ਤੋਂ ਮੂੰਹ ਮੋੜਕੇ ਸਿਆਸਤ ਵਿੱਚਦੂਸ਼ਣਬਾਜ਼ੀ ਭਾਰੂ ਹੋਣ ਕਰਕੇ ਗੰਧਲੀ ਹੋ ਗਈ ਹੈ। ਕੀ ਅਧਿਕਾਰੀਆਂ ਦਾ ਸਿਆਸਤ ਵਿੱਚ ਆਉਣਾ ਜ਼ਾਇਜ਼ ਹੈ? ਹੁਣ ਇਹ ਸਵਾਲ ਪੈਦਾ ਹੁੰਦਾਹੈ ਕਿ ਕੀ ਅਧਿਕਾਰੀਆਂ ਦੀ ਸਾਰੀ ਨੌਕਰੀ ਦੌਰਾਨ ਨਿਰਪੱਖਤਾ ਸ਼ੱਕ ਦੇ ਘੇਰੇ ਵਿੱਚ ਨਹੀਂ ਆ ਜਾਂਦੀ? ਜਦੋਂ ਇਨਸਾਫ਼ ਦੀ ਤਰਾਜ਼ੂ ਉਨ੍ਹਾਂ ਦੇ ਹੱਥਵਿੱਚ ਹੁੰਦੀ ਸੀ, ਉਨ੍ਹਾਂ ਦੇ ਮਨਾ ਵਿੱਚ ਲੋਕਾਂ ਨੂੰ ਇਨਸਾਫ ਦੇਣ ਲੱਗਿਆਂ, ਜਿਸ ਪਾਰਟੀ ਵਲ ਉਨ੍ਹਾਂ ਦਾ ਝੁਕਾਆ ਹੁੰਦਾ ਸੀ ਤਾਂ ਕੀ ਉਹ ਫ਼ੈਸਲੇ ਉਨ੍ਹਾਂਦੇ ਹੱਕ ਵਿੱਚ ਕਰਦੇ ਸਨ? ਫਿਰ ਨਿਰਪੱਖਤਾ ਕਿਥੇ ਗਈ? ਇਹ ਸੋਚਣ ਵਾਲੀ ਗੱਲ ਹੈ। ਵੈਸੇ ਉਨ੍ਹਾਂ ਕੋਲੋਂ ਨਿਰਪੱਖਤਾ ਨਹੀਂ ਸੰਭਵ ਨਹੀਂ ਹੋਸਕਦੀ। ਉਹ ਸਾਰੇ ਫ਼ੈਸਲੇ ਉਸ ਪਾਰਟੀ ਵਲ ਝੁਕਾਆ ਵਾਲੇ ਕਰਦੇ ਹੋਣਗੇ, ਫਿਰ ਉਨ੍ਹਾਂ ਕੋਲੋਂ ਸਿਆਸਤ ਵਿੱਚ ਆਉਣ 'ਤੇ ਇਨਸਾਫ਼ ਕਿਵੇਂ ਮਿਲਸਕਦਾ ਹੈ? ਪੰਜਾਬ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੇਵਾ ਮੁਕਤ ਜਸਟਿਸ ਨਿਰਮਲ ਸਿੰਘ ਅਤੇ ਸੇਵਾ ਮੁਕਤ ਆਈ ਏ ਐਸਅਧਿਕਾਰੀ ਦਰਬਾਰਾ ਸਿੰਘ ਗੁਰੂ ਵਿਧਾਨ ਸਭਾ ਦੀਆਂ ਚੋਣਾ ਕਿਸੇ ਨਾ ਕਿਸੇ ਪਾਰਟੀ ਵੱਲੋਂ ਲੜੇ ਹਨ। ਜਸਟਿਸ ਨਿਰਮਲ ਸਿੰਘ ਤਾਂ ਵਿਧਾਨਕਾਰਬਣ ਵੀ ਗਏ ਸਨ। ਇਨ੍ਹਾਂ ਤੋਂ ਇਲਾਵਾ ਮਨੋਹਰ ਸਿੰਘ ਗਿਲ ਵੀ ਆਈ ਏ ਐਸ ਅਧਿਕਾਰੀ ਸਨ, ਜੋ ਪਰਕਾਸ਼ ਸਿੰਘ ਬਾਦਲ ਦੇ ਪ੍ਰਿੰਸੀਪਲਸਕੱਤਰ ਅਤੇ ਕੇਂਦਰ ਵਿਚ ਮੰਤਰੀ ਰਹੇ ਹਨ। ਅਰਵਿੰਦ ਕੇਜ਼ਰੀਵਾਲ ਵੀ ਅਧਿਕਾਰੀ ਰਹੇ ਹਨ। ਕੇਂਦਰ ਅਤੇ ਸਮੁੱਚੇ ਦੇਸ਼ ਵਿੱਚ ਤਾਂ ਅਣਗਿਣਤਅਧਿਕਾਰੀ ਸਿਆਸੀ ਪਾਰਟੀਆਂ ਦਾ ਸ਼ਿੰਗਾਰ ਬਣੇ ਹਨ। ਮੈਂ ਸੈਲੀਬਰੇਟੀਜ਼ ਦੀ ਗੱਲ ਨਹੀਂ ਕਰ ਰਿਹਾ ਕਿਉਂਕਿ ਉਨ੍ਹਾਂ ਕੋਲ ਤਾਂ ਅਜਿਹਾ ਕੋਈਅਹੁਦਾ ਨਹੀਂ





ਹੁੰਦਾ, ਜਿਸ ਨਾਲ ਉਹ ਲੋਕਾਂ ਨੂੰ ਇਨਸਾਫ਼ ਦੇ ਸਕਣ ਹੁਣ ਤਾਜਾ ਘਟਨਾ ਦੀ ਗੱਲ ਕਰਦੇ ਹਾਂ, ਜਿਸ ਅਨੁਸਾਰ ਪੰਜਾਬ ਕੇਡਰ ਦੇ ਬਹੁਤ ਚਰਚਿਤ ਸੇਵਾ ਮੁਕਤ ਆਈ ਪੀ ਐਸ ਅਧਿਕਾਰੀ ਕੁੰਵਰਵਿਜੈ ਪ੍ਰਤਾਪ ਸਿੰਘ ਦੀ, ਜਿਹੜੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਸ੍ਰੀ ਅਰਵਿੰਦ ਕੇਜਰੀਵਾਲ ਵਿਸ਼ੇਸ਼ ਤੌਰ 'ਤੇ ਕੁੰਵਰ ਵਿਜੈ ਪ੍ਰਤਾਪਸਿੰਘ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਲਈ ਅੰਮ੍ਰਿਤਸਰ ਆਏ ਹਨ। ਉਹ ਆਪਣੇ ਕੈਰੀਅਰ ਵਿਚ ਬਹੁਤ ਹੀ ਇਮਾਨਦਾਰ ਅਤੇ ਕੁਸ਼ਲਅਧਿਕਾਰੀ ਗਿਣੇ ਜਾਂਦੇ ਸਨ। ਪ੍ਰੰਤੂ ਜਿਹੜੀ ਉਨ੍ਹਾਂ ਐਸ ਆਈ ਟੀ ਦੇ ਮੁੱਖੀ ਹੁੰਦੇ ਹੋਏ ਬਹਿਬਲ ਕਲਾਂ ਅਤੇ ਕੋਟਕਪੂਰਾ ਘਟਨਾਵਾਂ ਦੀ ਜਾਂਚ ਕੀਤੀਹੈ, ਉਸਦੇ ਪੰਜਾਬ 'ਤੇ ਹਰਿਆਣਾ ਹਾਈ ਕੋਰਟ ਵਿਚੋਂ ਰੱਦ ਹੋ ਜਾਣ ਤੋਂ ਬਾਅਦ, ਉਨ੍ਹਾਂ ਦੀ ਪੜਤਾਲ 'ਤੇ ਕਿੰਤੂ ਪ੍ਰੰਤੂ ਹੋਏ ਹਨ। ਸਿੱਖ ਭਾਵਨਾਵਾਂਵਿੱਚ ਜਲਦੀ ਵਹਿ ਜਾਂਦੇ ਹਨ, ਇਸ ਲਈ ਸਿੱਖ ਜਗਤ ਨੇ ਤਾਂ ਉਨ੍ਹਾਂ ਦੀ ਪ੍ਰਸੰਸਾ ਦੇ ਪੁਲ ਬੰਨ੍ਹਦਿਆਂ ਅਸਮਾਨ 'ਤੇ ਚੜ੍ਹਾ ਦਿੱਤਾ। ਇਸ ਪੜਤਾਲ ਨੇਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਅਕਸ ਉਚਾ ਕੀਤਾ, ਖਾਸ ਤੌਰ ਤੇ ਸਿੱਖਾਂ ਦੇ ਦਿਲਾਂ 'ਤੇ ਤਾਂ ਉਹ ਰਾਜ ਕਰਨ ਲੱਗ ਪਏ ਸਨ। ਇਤਨੀ ਪ੍ਰਸੰਸਾ ਆਮਸਾਧਾਰਨ ਇਨਸਾਨ ਨੂੰ ਪਚਾਉਣੀ ਔਖੀ ਹੋ ਜਾਂਦੀ ਹੈ। ਇਸ ਸ਼ਲਾਘਾ ਦਾ ਹੋ ਸਕਦਾ ਥੋੜ੍ਹਾ ਬਹੁਤਾ ਅਸਰ ਕੁੰਵਰ ਵਿਜੈ ਪ੍ਰਤਾਪ ਸਿੰਘ 'ਤੇ ਵੀ ਪਿਆਹੋਵੇ। ਸ਼ਾਇਦ ਇਸੇ ਕਰਕੇ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਸਿਆਸਤ ਅਤੇ ਅਫ਼ਸਰੀ ਕਰਨੀ ਇਹ ਦੋਵੇਂ ਇਕ ਦੂਜੇ ਦੀਕਾਰਜ਼ਸ਼ੈਲੀ ਦੇ ਉਲਟ ਹਨ। ਸਿਆਸਤ ਵਿੱਚ ਲੋਕਾਂ ਅੱਗੇ ਹੱਥ ਅੱਡਣੇ ਪੈਂਦੇ ਹਨ। ਅਫ਼ਸਰਾਂ ਕੋਲ ਲੋਕ ਹੱਥ ਅੱਡਦੇ ਹਨ। ਸਾਰੀ ਉਮਰ ਸੀਨੀਅਰਅਧਿਕਾਰੀ, ਉਹ ਵੀ ਪੁਲਿਸ ਵਿਭਾਗ ਦੇ, ਕੀ ਇਹ ਸੰਭਵ ਹੈ ਕਿ ਉਹ ਲੋਕਾਂ ਅੱਗੇ ਵੋਟਾਂ ਲਈ ਹੱਥ ਅੱਡਣਗੇ? ਹੁਣ ਵੇਖਣ ਵਾਲੀ ਗੱਲ ਹੈ ਕਿਕੁੰਵਰ ਵਿਜੈ ਪ੍ਰਤਾਪ ਸਿੰਘ ਲੋਕਾਂ ਦੀਆਂ ਇਛਾਵਾਂ 'ਤੇ ਖ਼ਰੇ ਉਤਰ ਸਕਣਗੇ। ਇਸ ਪੜਤਾਲ ਵਿਚ ਕਥਿਤ ਦੋਸ਼ੀਆਂ ਨੇ ਨਿੰਦਿਆ ਵੀ ਕੀਤੀ। ਪੜਤਾਲ ਵਿੱਚ ਖਾਮੀਆਂ ਅਤੇ ਨਿਰਪੱਖ ਨਾ ਹੋਣ ਦੇ ਦੋਸ਼ ਵੀ ਲਾਏ। ਪ੍ਰੰਤੂ ਜਦੋਂ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਤਾਂ ਉਨ੍ਹਾਂ ਦੀਪੜਤਾਲ ਜ਼ਰੂਰ ਸ਼ੱਕ ਦੇ ਘੇਰੇ ਵਿੱਚ ਆ ਗਈ ਕਿਉਂਕਿ ਐਸ ਆਈ ਟੀ ਦੇ ਕਿਸੇ ਵੀ ਮੈਂਬਰ ਨੇ ਉਸ ਪੜਤਾਲ 'ਤੇ ਦਸਤਖ਼ਤ ਨਹੀਂ ਕੀਤੇ। ਇਸਬਾਰੇ ਕੁੰਵਰ ਸਾਹਿਬ ਕਹਿੰਦੇ ਹਨ ਕਿ ਚਲਾਣ 'ਤੇ ਇਕ ਅਧਿਕਾਰੀ ਦੇ ਹੀ ਦਸਤਖ਼ਤ ਹੁੰਦੇ ਹਨ, ਇਹ ਬਿਲਕੁਲ ਦਰੁਸਤ ਹੈ ਪ੍ਰੰਤੂ ਪੜਤਾਲ ਵਾਲੀਫਾਈਲ 'ਤੇ ਤਾਂ ਸਾਰੇ ਮੈਂਬਰਾਂ ਦੇ ਦਸਖ਼ਤ ਹੋਣੇ ਚਾਹੀਦੇ ਸਨ। ਉਸ ਪੜਤਾਲ 'ਤੇ ਵੀ ਕਿਸੇ ਅਧਿਕਾਰੀ ਨੇ ਦਸਤਖ਼ਤ ਨਹੀਂ ਕੀਤੇ। ਸਰਕਾਰ ਨੂੰ ਵੀਉਦੋਂ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਬਣਦਾ ਸੀ। ਇਕ ਗੱਲ ਉਹ ਇਹ ਕਹਿੰਦੇ ਹਨ ਕਿ ਐਡਵੋਕੇਟ ਜਨਰਲ ਦੇ ਦਫ਼ਤਰ ਨੇ ਸਹਿਯੋਗ ਨਹੀਂਦਿੱਤਾ। ਆਪ ਹੀ ਕਹਿੰਦੇ ਹਨ ਕਿ ਸਰਕਾਰ ਨੇ ਮਹਿੰਗੇ ਤੋਂ ਮਹਿੰਗੇ ਵਕੀਲ ਲਿਆਂਦੇ ਹਨ। ਫਿਰ ਸਰਕਾਰ ਜਾਂ ਐਡਵੋਕੇਟ ਜਨਰਲ ਦਾ ਕੀ ਕਸੂਰਹੈ? ਕੋਈ ਵੀ ਸੀਨੀਅਰ ਵਕੀਲ ਆਪਣਾ ਕੇਸ ਹਾਰਨਾ ਨਹੀਂ ਚਾਹੁੰਦਾ ਕਿਉਂਕਿ ਉਸਦੀ ਵੀ ਬਦਨਾਮੀ ਹੁੰਦੀ ਹੈ। ਚਲੋ ਇਨ੍ਹਾਂ ਗੱਲਾਂ ਨੂੰ ਛੱਡੋ, ਕੁੰਵਰਵਿਜੈ ਪ੍ਰਤਾਪ ਸਿੰਘ ਜਦੋਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਤਾਂ ਕਹਿੰਦੇ ਹਨ ਕਿ ਉਹ ਦਿੱਲੀ ਦੀ ਤਰ੍ਹਾਂ ਪ੍ਰਣਾਲੀ ਬਦਲ ਦੇਣਗੇ। ਬਹੁਤਵਧੀਆ ਗੱਲ ਹੈ। ਪੰਜਾਬ ਦੇ ਲੋਕ ਇਹੋ ਚਾਹੁੰਦੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਜੇਕਰ ਆਮ ਆਦਮੀ ਪਾਰਟੀ ਚੋਣ ਜਿਤੇਗੀ ਤਾਂ ਹੀ ਪ੍ਰਣਾਲੀਬਦਲੀ ਜਾ ਸਕਦੀ ਹੈ? ਦੂਜੀ ਗੱਲ ਅਰਵਿੰਦ ਕੇਜਰੀਵਾਲ ਉਨ੍ਹਾਂ ਦੇ ਸਾਹਮਣੇ ਹੀ ਕਹਿ ਗਏ ਕਿ ਪੰਜਾਬ ਦੇ ਮੁੱਖ ਮੰਤਰੀ ਦਾ ਚਿਹਰਾ ਸਿੱਖਹੋਵੇਗਾ, ਫਿਰ ਕੁੰਵਰ ਵਿਜੈ ਪ੍ਰਤਾਪ ਸਿੰਘ ਪ੍ਰਣਾਲੀ ਕਿਵੇਂ ਬਦਲ ਦੇਣਗੇ। ਸਾਰਾ ਕੁਝ ਮੁੱਖ ਮੰਤਰੀ ਦੀ ਮਰਜੀ ਅਨੁਸਾਰ ਹੋਵੇਗਾ। ਪੰਜਾਬ ਵਿਚ ਉਨ੍ਹਾਂਨੇ ਵੇਖ ਹੀ ਲਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿਚ ਨਵਜੋਤ ਸਿੰਘ ਸਿੱਧੂ ਮੰਤਰੀ ਸਨ। ਉਨ੍ਹਾਂ ਨੇ ਤਜ਼ਵੀਜਾਂ ਲਿਆਂਦੀਆਂ ਕੀ ਉਹਸਿਰੇ ਚੜ੍ਹ ਗਈਆਂ? ਪੰਜਾਬ ਦੇ ਲੋਕਾਂ ਨੂੰ ਇਤਨੇ ਅਣਜਾਣ ਨਾ ਸਮਝੋ। ਉਹ ਸਿਆਸਤਦਾਨਾ ਦੀਆਂ ਸਾਰੀਆਂ ਚਾਲਾਂ ਨੂੰ ਸਮਝਦੇ ਹਨ। ਇਹਬਿਹਾਰ ਨਹੀਂ, ਪੰਜਾਬ ਹੈ। ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਵੇਖਿਆ ਹੀ ਹੈ ਕਿ ਜਦੋਂ ਉਹ ਅੰਮ੍ਰਿਤਸਰ ਨਿਯੁਕਤ ਸਨ ਤਾਂ ਉਨ੍ਹਾਂ ਵਿਰੁਧ ਭਾਰਤੀਜਨਤਾ ਪਾਰਟੀ ਦੇ ਮੰਤਰੀ ਅਨਿਲ ਜੋਸ਼ੀ ਨੇ ਧਰਨਾ ਮਾਰਿਆ ਸੀ। ਮੁੱਖ ਮੰਤਰੀ ਨੇ ਉਸਦੀ ਸੁਣੀ ਹੀ ਨਹੀਂ ਸੀ। ਕੀ ਵਿਸ਼ਵਾਸ਼ ਹੈ ਕਿ ਮੁੱਖ ਮੰਤਰੀਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਸੁਣਨਗੇ। ਸਿਆਸਤਦਾਨ ਤਾਂ ਇਕ ਦੂਜੇ ਨੂੰ ਠਿੱਬੀ ਲਾਉਂਦੇ ਹਨ। ਪ੍ਰਣਾਲੀ ਬਦਲਣ ਦੇ ਝਾਂਸੇ ਵਿਚ ਲੋਕ ਨਹੀਂਆਉਣਗੇ। ਨਾਲੇ ਸਿਆਸੀ ਪਾਰਟੀਆਂ ਤਾਂ ਵਰਤਕੇ ਮੱਖਣ ਵਿਚੋਂ ਵਾਲ ਕੱਢਣ ਦੀ ਤਰ੍ਹਾਂ ਸੁੱਟ ਦਿੰਦੀਆਂ ਹਨ। ਤੁਹਾਡੇ ਸਾਹਮਣੇ ਨਵਜੋਤ ਸਿੱਧੂ ਦੀਉਦਾਹਰਣ ਹੈ। ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੋਹਾਂ ਨੇ ਵਰਤ ਲਿਆ। ਉਨ੍ਹਾਂ ਦਾ ਕੁਝ ਨਹੀਂ ਬਣਿਆਂ। ਇਉਂ ਲਗਦਾ ਕੁੰਵਰ ਵਿਜੈ ਪ੍ਰਤਾਪਸਿੰਘ ਦਾ ਇਹ ਦਾਅ ਵੀ ਸਫਲ ਨਹੀਂ ਹੋਵੇਗਾ? ਪੰਜਾਬ ਅਤੇ ਹਰਿਆਣਾ ਦੇ ਹਿੱਤ ਇੱਕ ਦੂਜੇ ਦੇ ਵਿਰੁੱਧ ਹਨ। ਅਰਵਿੰਦ ਕੇਜਰੀਵਾਲ ਹਰਿਆਣਾ ਦੇ ਵਿਰੁੱਧ ਜਾ ਹੀ ਨਹੀਂ ਸਕਦੇ। ਹਾਂ ਉਹਉਨ੍ਹਾਂ ਆਮ ਆਦਮੀ ਪਾਰਟੀ ਦੇ ਨੇਤਾਵਾਂ ਦੇ ਵਿਰੁੱਧ ਜਾ ਸਕਦੇ ਹਨ, ਜਿਹੜੇ ਉਨ੍ਹਾਂ ਲਈ ਵੰਗਾਰ ਬਣ ਸਕਦੇ ਹਨ। ਆਮ ਆਦਮੀ ਪਾਰਟੀ ਨੇ ਹੁਣਤੱਕ ਸੁੱਚਾ ਸਿੰਘ ਛੋਟੇਪੁਰ, ਜਰਨੈਲ ਸਿੰਘ ਦਿੱਲੀ, ਹਰਵਿੰਦਰ ਸਿੰਘ ਫੂਲਕਾ, ਗੁਰਪ੍ਰੀਤ ਸਿੰਘ ਘੁਗੀ, ਸੁਖ਼ਪਾਲ ਸਿੰਘ ਖ਼ਹਿਰਾ, ਧਰਮਵੀਰ ਗਾਂਧੀ,ਹਰਿੰਦਰ ਸਿੰਘ ਖਾਲਸਾ ਅਤੇ ਹੋਰ ਅਨੇਕਾਂ ਨੇਤਵਾਂ ਦੀ ਬਲੀ ਦੇ ਦਿੱਤੀ ਹੈ ਕਿਉਂਕਿ ਉਹ ਆਪਣੇ ਤੋਂ ਵੱਡਾ ਕਿਸੇ ਨੂੰ ਵੀ ਲੀਡਰ ਨਹੀਂ ਬਣਨ ਦੇਣਾਚਾਹੁੰਦੇ। ਇਹ ਮੈਂ ਸਿਰਫ਼ ਪੰਜਾਬ ਦੇ ਨੇਤਾਵਾਂ ਦੀ ਗੱਲ ਕੀਤੀ ਹੈ। ਦੇਸ਼ ਦੇ ਤਾਂ ਕਿਤਨੇ ਵੱਡੇ ਲੀਡਰ ਜਿਨ੍ਹਾਂ ਦਾ ਆਮ ਆਦਮੀ ਪਾਰਟੀ ਦੇ ਉਭਾਰਅਤੇ ਪਾਰਟੀ ਦੀ ਜਿੱਤ ਵਿਚ ਮਹੱਤਵਪੂਰਨ ਯੋਗਦਾਨ ਸੀ, ਉਨ੍ਹਾਂ ਸਾਰਿਆਂ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ। ਉਸ ਲਈ ਕੁੰਵਰ ਵਿਜੈ ਪ੍ਰਤਾਪਸਿੰਘ ਕਿਹੜੇ ਬਾਗ ਦੀ ਮੂਲੀ ਹਨ। ਕਾਹਲੀ ਵਿੱਚ ਲਿਆ ਫ਼ੈਸਲਾ ਹਮੇਸ਼ਾ ਗ਼ਲਤ ਹੁੰਦਾ ਹੈ। ਅਧਿਕਾਰੀਆਂ ਦੇ ਸਿਆਸਤ ਵਿੱਚ ਆਉਣ ਲਈਭਾਰਤੀ ਚੋਣ ਕਮਿਸ਼ਨ ਨੂੰ ਕੋਈ ਸਾਰਥਿਕ ਨਿਯਮ ਬਣਾਉਣੇ ਚਾਹੀਦੇ ਹਨ। ਤੇਲ ਵੇਖੋ ਤੇ ਤੇਲ ਦੀ ਧਾਰ ਵੇਖੋ ਆਮ ਆਦਮੀ ਪਾਰਟੀ ਅਤੇ ਕੁੰਵਰਵਿਜੈ ਪ੍ਰਤਾਪ ਸਿੰਘ ਦਾ ਊਂਟ ਕਿਸ ਕਰਵਟ ਵਿੱਚ ਬੈਠਦਾ ਹੈ।

# ਜਦੋਂ ਪ੍ਰੇਮੀ ਜੋੜੇ ਨੂੰ ਪੁਲਿਸ ਸੁਰੱਖਿਆ ਮਹਿੰਗੀ ਪਈ



**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
ਮੋ. 9501100062

ਪੰਜਾਬ ਪੁਲਿਸ ਦੀ ਅੱਧੀ ਤੋਂ ਵੱਧ ਨਫਰੀ ਲੀਡਰਾਂ, ਲੀਡਰਾਂ ਦੇ ਰਿਸ਼ਤੇਦਾਰਾਂ, ਜਿਲ੍ਹਾ ਪ੍ਰਧਾਨਾਂ, ਬਲਾਕ ਪ੍ਰਧਾਨਾਂ,ਫਿਰਕੂ ਪ੍ਰਧਾਨਾਂ, ਵਿਹਲੜ ਬਾਬਿਆਂ ਅਤੇ ਗੰਨਮੈਨ ਲੈ ਕੇ ਫੁਕਰੀ ਮਾਰਨ ਵਾਲੇ ਵਿਅਕਤੀਆਂ ਦੀ ਸੁਰੱਖਿਆਵਾਸਤੇ ਤਾਇਨਾਤ ਹੈ। ਜਦੋਂ ਵੀ ਕਿਸੇ ਵਿਅਕਤੀ ਨੂੰ ਕੋਈ ਸਿਆਸੀ ਅਹੁਦਾ ਮਿਲਦਾ ਹੈ ਤਾਂ ਉਸ ਨੂੰ ਦਫਤਰਅਤੇ ਸਟਾਫ ਦੀ ਬਜਾਏ ਸਭ ਤੋਂ ਵੱਧ ਚਾਅ ਏ.ਕੇ. 47 ਵਾਲੇ ਗੰਨਮੈਨ ਲੈਣ ਦਾ ਹੁੰਦਾ ਹੈ। ਜੇ ਗੰਨਮੈਨਹੀ ਨਾ ਮਿਲੇ ਤਾਂ ਫਿਰ ਅਹੁਦੇ ਦਾ ਕੀ ਫਾਇਦਾ? ਲੋਕਾਂ ਨੂੰ ਕਿਵੇਂ ਪਤਾ ਚੱਲੇਗਾ ਕਿ ਉਹ ਹੁਣ ਸਧਾਰਨ ਲੋਕਾਂਦੀ ਸ਼ਰੇਣੀ ਵਿੱਚੋਂ ਨਿਕਲ ਕੇ ਵੀ.ਆਈ.ਪੀ. ਦੀ ਸ਼ਰੇਣੀ ਵਿੱਚ ਪਹੁੰਚ ਗਿਆ ਹੈ। ਕਈ ਸੂਰਮੇ ਤਾਂ ਅਜਿਹੇ ਹਨ ਜੋ ਕਿਸੇਹੋਰ ਤਰੀਕੇ ਨਾਲ ਗੰਨਮੈਨ ਲੈਣ ਤੋਂ ਅਸਫਲ ਰਹਿਣ 'ਤੇ ਹਰੇਕ ਅਸੈਂਬਲੀ ਅਤੇ ਪਾਰਲੀਮੈਂਟ ਚੋਣਾਂ ਵਿੱਚਨਾਮਜ਼ਦਗੀ ਕਾਗਜ਼ ਭਰ ਦੇਂਦੇ ਹਨ। ਇਸ ਤਰਾਂ ਕਰਨ ਨਾਲ ਉਨ੍ਹਾਂ ਦਾ ਮਹੀਨੇ - ਦੋ ਮਹੀਨੇ ਲਈ ਗੰਨਮੈਨ ਲੈਣਦਾ ਝੱਸ ਪੂਰ ਹੋ ਜਾਂਦਾ ਹੈ। ਪਰ ਕੁਝ ਸਾਲਾਂ ਤੋਂ ਹੁਣ ਪੁਲਿਸ ਸੁਰੱਖਿਆ ਲੈਣ ਲਈ ਇੱਕ ਨਵੀਂ ਤਰਾਂ ਦੇ ਜੀਵਪ੍ਰਗਟ ਹੋ ਗਏ ਹਨ, ਘਰ ਤੋਂ ਦੌੜ ਕੇ ਵਿਆਹ ਕਰਾਉਣ ਵਾਲੇ ਕਥਿੱਤ ਪ੍ਰੇਮੀ। ਉਹ ਗੱਲ ਵੱਖਰੀ ਹੈ ਕਿ ਇਸ ਤਰਾਂਦਾ ਵਿਆਹ ਦੋ ਚਾਰ ਸਾਲ ਤੋਂ ਵੱਧ ਨਹੀਂ ਟਿਕਦਾ। ਪੰਜਾਬ ਵਿੱਚ ਭਾਰਤ ਭਰ ਵਿੱਚੋਂ ਸਭ ਤੋਂ ਵੱਧ ਅਣਖ ਖਾਤਰਕਤਲ ਹੁੰਦੇ ਹਨ। ਇਸ ਲਈ ਹਾਈ ਕੋਰਟ ਸੁਰੱਖਿਆ ਮੰਗਣ ਵਾਲੇ ਹਰੇਕ ਪ੍ਰੇਮੀ ਜੋੜੇ ਨੂੰ ਘੱਟੋ ਘੱਟ ਦੋਸੁਰੱਖਿਆ ਮੁਲਾਜ਼ਮ ਤਾਂ ਅਲਾਟ ਕਰ ਹੀ ਦੇਂਦਾ ਹੈ। ਜੇ ਤੁਸੀਂ ਸਵੇਰੇ 10 - 11 ਵਜੇ ਹਾਈਕੋਰਟ ਜਾਉਗੇ ਤਾਂ ਵੇਖੋਗੇ ਕਿ ਚੀਫ ਜਸਟਿਸ ਦੀ ਅਦਾਲਤਪੁਲਿਸ ਸੁਰੱਖਿਆ ਮੰਗਣ ਵਾਲੇ ਜੋੜਿਆਂ ਨਾਲ ਭਰੀ ਪਈ ਹੁੰਦੀ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਲੜਕੀਆਂ ਜਿਸਪਰਿਵਾਰ ਵਿੱਚ 20 - 21 ਸਾਲ ਪਲੀਆਂ ਵਧੀਆਂ ਹੁੰਦੀਆਂ ਹਨ, ਉਸ ਹੀ ਪਰਿਵਾਰ ਤੋਂ ਉਨ੍ਹਾਂ ਨੂੰ ਪ੍ਰੇਮਵਿਆਹ ਤੋਂ ਬਾਅਦ ਖਤਰਾ ਪੈਦਾ ਹੋ ਜਾਂਦਾ ਹੈ। ਸਾਰੀ ਉਮਰ ਜਿਸ ਮਾਂ ਪਿਉ ਤੇ ਭਰਾਵਾਂ ਨੇ ਉਨ੍ਹਾਂ ਨੂੰਲਾਡ ਲਡਾਏ ਹੁੰਦੇ ਹਨ, ਉਹ ਦੁਸ਼ਮਣ ਅਤੇ ਸਾਲ ਦੋ ਸਾਲ ਤੋਂ ਜ਼ਿੰਦਗੀ ਵਿੱਚ ਆਇਆ ਕੋਈ ਅਣਜਾਣ ਪ੍ਰੇਮੀਆਪਣਾ ਸਭ ਤੋਂ ਵੱਡਾ ਹਿਤੈਸ਼ੀ ਲੱਗਣ ਲੱਗ ਜਾਂਦਾ ਹੈ। 2003 - 04 ਦੀ ਗੱਲ ਹੈ ਕਿ ਮੈਂ ਮਾਝੇ ਦੀ ਕਿਸੇ ਸਬਡਵੀਜ਼ਨ ਵਿੱਚ ਡੀ.ਐਸ.ਪੀ. ਲੱਗਾ ਹੋਇਆ ਸੀ। ਸਬ ਡਵੀਜ਼ਨ ਦੇ ਇੱਕ ਪਿੰਡ ਦੇ ਦੋ ਨਿਮਨ ਮੱਧ ਵਰਗੀ ਪਰਿਵਾਰਾਂ ਦੇਲੜਕਾ ਲੜਕੀ, ਜੋ ਆਪਸ ਵਿੱਚ ਗੁਆਂਢੀ ਸਨ ਤੇ ਆਹਮੋ ਸਾਹਮਣੇ ਘਰਾਂ ਵਿੱਚ ਰਹਿੰਦੇ ਸਨ, ਨੇ ਘਰੋਂ ਦੌੜ ਕੇਪ੍ਰੇਮ ਵਿਆਹ ਕਰਵਾ ਲਿਆ। ਵਿਆਹ ਤੋਂ ਬਾਅਦ ਉਹ ਪਿੰਡ ਆਉਣ ਦੀ ਬਜਾਏ ਅੰਮ੍ਰਿਤਸਰ ਕਿਰਾਏ ਦਾਕਮਰਾ ਲੈ ਕੇ ਰਹਿਣ ਲੱਗ ਪਏ ਤੇ ਮਿਹਨਤ ਮਜ਼ਦੂਰੀ ਕਰ ਕੇ ਆਪਣਾ ਗੁਜ਼ਾਰਾ ਕਰਨ ਲੱਗੇ। ਲੜਕੀ ਦੇ ਪਰਿਵਾਰ ਵਾਲੇਸ਼ਰੀਫ ਕਿਸਮ ਦੇ ਇਨਸਾਨ ਸਨ, ਇਸ ਲਈ ਉਨ੍ਹਾਂ ਨੇ ਸਬਰ ਦਾ ਘੁੱਟ ਭਰ ਲਿਆ। ਲੜਕੇ ਵਾਲਿਆਂ ਨੇ ਵੀ ਪਿੰਡ ਨੂੰਜਚਾਉਣ ਦੀ ਖਾਤਰ ਲੜਕੇ ਤੋਂ ਆਪਣਾ ਨਾਤਾ ਤੋੜ ਲਿਆ ਤੇ ਅਖਬਾਰ ਵਿੱਚ ਬੇਦਖਲੀ ਦਾ ਨੋਟਿਸ ਦੇ ਦਿੱਤਾ। ਪਰ ਪ੍ਰੇਮੀਆਂ ਦਾ ਇਸ਼ਕ ਦਾ ਭੂਤ ਜਲਦੀ ਹੀ ਉੱਤਰ ਗਿਆ। ਪਿੰਡ ਵਿੱਚ ਲੜਕੇ ਦੀ ਕਰਿਆਨੇ ਦੀਦੁਕਾਨ ਸੀ ਤੇ ਗੁਜ਼ਾਰਾ ਠੀਕ ਚੱਲਦਾ ਸੀ। ਪਰ ਜਦੋਂ ਸ਼ਹਿਰ ਵਿੱਚ ਆਟਾ ਤੇ ਸਾਗ ਸਬਜ਼ੀ ਵੀ ਮੁੱਲ ਦੀ ਲੈਣੀ ਪਈ ਤਾਂਉਨ੍ਹਾਂ ਨੂੰ ਪਿੰਡ ਚੇਤੇ ਆਉਣ ਲੱਗ ਪਿਆ। ਇੱਕ ਰਾਤ ਉਹ ਚੁੱਪ ਚੁਪੀਤੇ ਵਾਪਸ ਪਿੰਡ ਪਹੁੰਚ ਗਏ। ਸਾਰੇ ਪਿੰਡ ਵਿੱਚ




ਹਾਹਾਕਾਰ ਮੱਚ ਗਈ। ਪਿੰਡ ਦੇ ਵਿਹਲੜ ਮੁਸ਼ਟੰਡੇ ਲੜਕੀ ਦੇ ਭਰਾਵਾਂ ਦਾ ਮਖੌਲ ਉਡਾਉਣਲੱਗੇ ਤੇ ਗੱਲ ਮਰਨ ਮਾਰਨ ਤੱਕ ਪਹੁੰਚ ਗਈ। ਦੋ ਦਿਨਾਂ ਬਾਅਦ ਲੜਕੀ ਦਾ ਬਾਪ ਪੰਚਾਇਤ ਲੈ ਕੇ ਮੇਰੇ ਦਫਤਰਆ ਗਿਆ ਤੇ ਲੱਗਭੱਗ ਰੋਂਦੇ ਹੋਏ ਬੋਲਿਆ ਕਿ ਉਸ ਨੇ ਲੜਕੀ ਦਾ ਵਿਆਹ ਉਸ ਲੜਕੇ ਨਾਲ ਹੋਣ ਨੂੰਬਰਦਾਸ਼ਤ ਕਰ ਲਿਆ ਸੀ। ਪਰ ਹੁਣ ਜਦੋਂ ਲੜਕੀ ਉਸ ਦੇ ਘਰ ਦੇ ਸਾਹਮਣੇ ਹੀ ਰਹਿਣ ਲੱਗ ਪਈ ਤਾਂ ਉਸ ਤੋਂ ਪਿੰਡਵਾਲਿਆਂ ਦੇ ਤਾਹਨੇ ਮਿਹਣੇ ਬਰਦਾਸ਼ਤ ਨਹੀਂ ਹੋ ਰਹੇ। ਲੜਕੇ ਲੜਕੀ ਨੂੰ ਕਿਹਾ ਜਾਵੇ ਕਿ ਉਹ ਜਿੱਥੇ ਮਰਜ਼ੀ ਵੱਸਣਪਰ ਪਿੰਡ ਵਿੱਚ ਨਾ ਰਹਿਣ, ਨਹੀਂ ਤਾਂ ਮੇਰੇ ਬੇਟਿਆਂ ਨੇ ਕੁਝ ਕਰ ਬੈਠਣਾ ਹੈ। ਪੰਚਾਇਤ ਨੇ ਵੀ ਉਸ ਦੀ ਗੱਲ ਦੀਪ੍ਰੋੜਤਾ ਕੀਤੀ। ਲੜਕੀ ਵਾਲਿਆਂ ਤੋਂ ਦਰਖਾਸਤ ਲੈ ਕੇ ਮੈਂ ਪ੍ਰੇਮੀ ਜੋੜੇ ਤੇ ਉਸ ਦੇ ਪਰਿਵਾਰ ਨੂੰ ਅਗਲੇਦਿਨ ਬੁਲਾ ਭੇਜਿਆ। ਪਰ ਉਹ ਪਰਿਵਾਰ ਐਨਾ ਢੀਠ ਨਿਕਲਿਆ ਕਿ ਹਫਤਾ ਭਰ ਮੇਰੇ ਕੋਲ ਨਾ ਆਇਆ ਪੰਜ ਸੱਤ ਦਿਨਾਂ ਬਾਅਦ ਲੜਕੇ ਦਾ ਪਿਉ ਪ੍ਰੇਮੀ ਜੋੜੇ ਨੂੰ ਮੇਰੇ ਦਫਤਰ ਲੈ ਆਇਆ। ਜਦੋਂ ਮੈਂ ਲੜਕੀ ਦੇ ਪਰਿਵਾਰ ਦੀ ਦਰਖਾਸਤ ਦੀ ਗੱਲ ਕੀਤੀ ਤਾਂ ਪ੍ਰੇਮੀ ਨੇ ਹਾਈ ਕੋਰਟ ਦੇ ਹੁਕਮ ਮੇਰੇ ਮੇਜ਼ 'ਤੇਰੱਖ ਦਿੱਤੇ ਕਿ ਇਨ੍ਹਾਂ ਨੂੰ ਸਹੁਰਾ ਪਰਿਵਾਰ ਤੋਂ ਖਤਰਾ ਹੈ, ਇਸ ਲਈ ਦੋ ਸੁਰੱਖਿਆ ਮੁਲਾਜ਼ਮ ਮੁਹੱਈਆਕਰਵਾਏ ਜਾਣ। ਲੜਕੇ ਲੜਕੀ ਨੇ ਪਿੰਡ ਛੱਡ ਕੇ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ। ਹੁਣ ਹਾਈ ਕੋਰਟ ਦੇ ਆਰਡਰ ਤਾਂਸਭ ਨੂੰ ਮੰਨਣੇ ਹੀ ਪੈਂਦੇ ਹਨ। ਮੈਂ ਸਬੰਧਿਤ ਥਾਣੇ ਦੇ ਐਸ.ਐਚ.ਉ. ਨੂੰ ਦਫਤਰ ਬੁਲਾ ਲਿਆ ਤੇਆਰਡਰ ਤਾਮੀਲ ਕਰਨ ਲਈ ਉਸ ਦੇ ਅੱਗੇ ਰੱਖ ਦਿੱਤੇ। ਐਸ.ਐਚ.ਉ. ਦੋ ਦਿਨ ਪਹਿਲਾਂ ਹੀ ਕਰਾਈਮ ਮੀਟਿੰਗ ਦੌਰਾਨਥਾਣੇ ਵਿੱਚ ਵਧਦੀਆਂ ਜਾ ਰਹੀਆਂ ਚੋਰੀ ਦੀਆਂ ਵਾਰਦਾਤਾਂ ਕਾਰਨ ਐਸ.ਐਸ.ਪੀ. ਤੋਂ ਚੰਗੀ ਬੇਇੱਜ਼ਤੀ ਕਰਵਾਕੇ ਆਇਆ ਸੀ। ਆਰਡਰ ਪੜ੍ਹ ਕੇ ਉਸ ਦੇ ਤਨ ਬਦਨ ਨੂੰ ਅੱਗ ਲੱਗ ਗਈ। ਕਹਿਣ ਲੱਗਾ ਕਿ ਜ਼ਨਾਬ ਥਾਣੇ ਵਿੱਚ ਤਾਂਪਹਿਲਾਂ ਹੀ ਕੋਈ ਮੁਲਾਜ਼ਮ ਨਹੀਂ ਹੈਗਾ, ਹੁਣ ਮੈਂ ਇਨ੍ਹਾਂ ਦੀ ਰਾਖੀ ਲਈ ਗਾਰਦ ਕਿੱਥੋਂ ਲਿਆਵਾਂ? ਮੈਂਉਸ ਨੂੰ ਸਮਝਾਇਆ ਕਿ ਇਹ ਆਰਡਰ ਤਾਂ ਮੰਨਣੇ ਹੀ ਪੈਣੇ ਹਨ। ਜੇ ਕੋਈ ਜਾਹ ਜਾਂਦੀ ਹੋ ਗਈ ਤਾਂ ਆਪਾਂਦੋਵੇਂ ਨੌਕਰੀ ਤੋਂ ਜਾਵਾਂਗੇ। ਉਹ ਸੜਿਆ ਬਲਿਆ ਮੁਲਾਜ਼ਮ ਲੈਣ ਲਈ ਥਾਣੇ ਚਲਾ ਗਿਆ। ਮੈਂ ਪ੍ਰੇਮੀਜੋੜੇ ਨੂੰ ਬਾਹਰ ਇੰਤਜ਼ਾਰ ਕਰਨ ਲਈ ਕਹਿ ਦਿੱਤਾ ਘੰਟੇ ਕੁ ਬਾਅਦ ਐਸ.ਐਚ.ਉ. ਥਾਣੇ ਦੇ ਦੋ ਸਭ ਤੋਂ ਛਟੇ ਹੋਏ ਡਿਫਾਲਟਰ ਸਿਪਾਹੀ ਥਰੀਨਾਟ ਥਰੀ ਰਾਈਫਲਾਂ ਸਮੇਤ ਲੈ ਕੇ ਵਾਪਸ ਆ ਗਿਆ। ਸ਼ਾਇਦ ਉਹ ਉਨ੍ਹਾਂ ਦੇ ਕੰਨ ਵਿੱਚ ਕੋਈ ਫੂਕ ਮਾਰ ਕੇਲਿਆਇਆ ਸੀ। ਉਨ੍ਹਾਂ ਸਿਪਾਹੀਆਂ ਦੀ ਚਾਲ ਢਾਲ ਤੋਂ ਸਾਫ ਲੱਗਦਾ ਸੀ ਕਿ ਉਹ ਵੀ ਧੱਕੇ ਨਾਲ ਹੀ ਲਿਆਂਦੇ ਗਏਹਨ। ਪ੍ਰੇਮੀ ਜੋੜਾ ਖੁਸ਼ੀ ਖੁਸ਼ੀ ਦੋਵਾਂ ਸਿਪਾਹੀਆਂ ਨੂੰ ਆਪਣੇ ਨਾਲ ਲੈ ਗਿਆ ਕਿ ਹੁਣ ਪਿੰਡ ਵਿੱਚੋਂ ਕੋਈਕੁਸਕ ਕੇ ਤਾਂ ਵਿਖਾਵੇ। ਦੋਵਾਂ ਸਿਪਾਹੀਆਂ ਨੇ ਜਾਂਦਿਆਂ ਹੀ ਆਪਣੇ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ। ਤਿੰਨ ਟਾਇਮ ਪੰਦਰਾਂ ਪੰਦਰਾਂ ਰੋਟੀਆਂ ਖਾਣ ਤੋਂ ਬਾਅਦ ਰਾਤ ਨੂੰ ਪੈੱਗ ਪਿਆਲੇ ਦੀ ਵੀ ਮੰਗ ਕਰਨੀਸ਼ੁਰੂ ਕਰ ਦਿੱਤੀ। ਰਾਤ ਸੌਣ ਲੱਗਿਆਂ ਆਖਣ ਕੇ ਅਸੀਂ ਤਾਂ ਤੁਹਾਡੇ ਲਾਗੇ ਮੰਜਾ ਡਾਹਵਾਂਗੇ। ਜੇ ਕੋਈ ਰਾਤਨੂੰ ਤੁਹਾਨੂੰ ਮਾਰ ਗਿਆ ਤਾਂ ਫਿਰ ਅਸੀਂ ਕਿਸ ਦੀ ਮਾਂ ਨੂੰ ਮਾਸੀ ਆਖਾਂਗੇ, ਸਾਡੀ ਨੌਕਰੀ ਦਾ ਸਵਾਲਹੈ। ਦਿਨ ਵੇਲੇ ਦੋਵੇਂ ਲੜਕੇ ਦੀ ਦੁਕਾਨ ਅੱਗੇ ਅਟੈਂਨਸ਼ਨ ਹੋ ਕੇ ਖੜੇ ਹੋ ਜਾਂਦੇ ਤੇ ਆਉਣ ਵਾਲੇ ਗਾਹਕਾਂਦੀ ਜਾਮਾਤਲਾਸ਼ੀ ਲੈ ਕੇ ਹੀ ਅੰਦਰ ਵੜਨ ਦੇਂਦੇ। ਗਾਹਕ ਦੁਕਾਨ ਵੱਲ ਆਉਣ ਤੋਂ ਡਰਨ ਲੱਗੇ ਕਿ ਕਿਹੜਾ ਪੈਸੇਦੇ ਕੇ ਆਪਣੀ ਬੇਇੱਜ਼ਤੀ ਕਰਵਾਵੇ? ਉਨ੍ਹਾਂ ਨੇ ਦਸ ਦਿਨ ਦੇ ਅੰਦਰ ਹੀ ਪ੍ਰੇਮੀ ਜੋੜੇ ਦੀ ਭੂਤਨੀ ਭਵਾਂ ਦੇ ਰੱਖਦਿੱਤੀ। ਲੜਕੀ ਰੋਟੀਆਂ ਪਕਾ ਪਕਾ ਕੇ ਮਰਨ ਵਾਲੀ ਹੋ ਗਈ ਤੇ ਲੜਕੇ ਦੀ ਦੁਕਾਨ ਬੰਦ ਹੋਣ ਕਿਨਾਰੇ ਪਹੁੰਚ ਗਈ। ਪੰਦਰਾਂ ਕੁ ਦਿਨਾਂ ਬਾਅਦ ਹੀ ਪ੍ਰੇਮੀ ਜੋੜਾ ਦੁਬਾਰਾ ਪੰਚਾਇਤ ਅਤੇ ਆਪਣੇ ਪਰਿਵਾਰਨੂੰ ਲੈ ਕੇ ਮੇਰੇ ਦਫਤਰ ਆ ਗਿਆ ਤੇ ਤਰਲੇ ਪਾਉਣ ਲੱਗੇ ਕਿ ਰੱਬ ਦਾ ਵਾਸਤਾ ਸਾਨੂੰ ਨਹੀਂ ਗੰਨਮੈਨਚਾਹੀਦੇ। ਅਸੀਂ ਤਾਂ ਕਲ੍ਹ ਹੀ ਸਮਾਨ ਬੰਨ੍ਹ ਕੇ ਅੰਮ੍ਰਿਤਸਰ ਚਲੇ ਜਾਵਾਂਗੇ।

ਮੈਂ ਦੋਵਾਂ ਕੋਲੋਂ ਪੰਚਾਇਤਨਾਮਾ ਅਤੇ ਐਫੀਡੇਵਿਟ ਲਿਖਵਾ ਕੇ ਲੈ ਲਿਆ ਕਿ ਸਾਨੂੰ ਸੁਰੱਖਿਆ ਦੀ ਜਰੂਰਤ ਨਹੀਂ ਹੈ। ਦੋ ਕੁਦਿਨਾਂ ਬਾਅਦ ਹੀ ਉਹ ਸਚਮੁੱਚ ਹੀ ਪਿੰਡ ਛੱਡ ਕੇ ਚਲੇ ਗਏ। ਪਿੰਡ ਵਾਲਿਆਂ ਤੇ ਲੜਕੀ ਦੇ ਪਰਿਵਾਰ ਨੇ ਸ਼ੁਕਰਮਨਾਇਆ ਕੇ ਸਭ ਕੁਝ ਸ਼ਾਂਤੀ ਨਾਲ ਹੀ ਨਿਪਟ ਗਿਆ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।


Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com


Regina
Gurbinder Singh Gagowal
306 520 4313, 639 999 1000
Email: gur.gago@gmail.com


Saskatoon
Gagandeep Jattana
639 742 0203
639 999 1000
Email-gaganjattana0203@gmail.com


Winnipeg
Lakha Sehajpal Daudhar
204 891 0031
431 733 3000
lakhadaudhar007@gmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਜਸਵੰਤ ਸਿੰਘ ਕੰਵਲ ਦੀ ਕਾਮਰੇਡੀ, ਸਿੱਖੀ ਤੇ ਪੰਜਾਬੀਅਤ



ਪ੍ਰਿੰ. ਸਰਵਣ ਸਿੰਘ

ਜਸਵੰਤ ਸਿੰਘ ਕੰਵਲ ਕਾਮਰੇਡ ਵੀ ਸੀ, ਸਿੱਖ ਵੀ ਤੇ ਪੰਜਾਬੀਅਤ ਨੂੰ ਵੀ ਪਰਨਾਇਆ ਹੋਇਆ ਸੀ। ਤਦੇ ਉਹ ਬੁੱਧੀਜੀਵੀਆਂ ਲਈ ਵਾਦਵਿਵਾਦੀ ਲੇਖਕ ਬਣਿਆ ਰਿਹਾ। ਲਿਖਤਾਂ ਵਿਚ ਵੀ ਤੇ ਜੀਵਨ ਵਿਚ ਵੀ। ਉਹਦੇ ਬਾਰੇ ਜਿੰਨੇ ਮੂੰਹ ਉਨੀਆਂ ਗੱਲਾਂ ਹੁੰਦੀਆਂ ਰਹੀਆਂ। ਆਲੋਚਕਾਂ ਦੀਆਂ ਅੱਡ, ਪਾਠਕਾਂ ਦੀਆਂ ਅੱਡ। ਸਿਆਸੀ ਪਾਰਟੀਆਂ ਤੇ ਜਾਤ ਬਰਾਦਰੀ ਵਾਲਿਆਂ ਦੀਆਂ ਆਪੋ ਆਪਣੇ ਹਿਸਾਬ ਨਾਲ ਅੱਡੋ-ਅੱਡ। ਕੋਈ ਉਹਨੂੰ ਸਲਾਹੁੰਦਾ, ਕੋਈ ਨਿੰਦਦਾ। ਕੋਈ ਉਹਦੇ ਡਾ. ਜਸਵੰਤ ਗਿੱਲ ਨਾਲ ਵਿਆਹ ਦੀ ਬਦਖੋਹੀ ਕਰਦਾ। ਕੋਈ ਕਹਿੰਦਾ ਕੰਵਲ ਕਿਸੇ ਵਿਚਾਰਧਾਰਾ ਨਾਲ ਕੁਮਿਟਡ ਨਹੀਂ। ਵਿਦਿਆਰਥੀਆਂ ਨੂੰ ਪੜ੍ਹਾਉਂਦਾ ਕੋਈ ਪ੍ਰੋਫ਼ੈਸਰ ਉਹਨੂੰ ਰੁਮਾਂਚਿਕ ਕਹਿੰਦਾ, ਕੋਈ ਆਦਰਸ਼ਵਾਦੀ ਤੇ ਕੋਈ ਯਥਾਰਥਵਾਦੀ। ਕੋਈ ਹੀਰਵੰਨਾ, ਕੋਈ ਕੌਮਵਾਦੀ, ਕੋਈ ਹੋਮਲੈਂਡੀਆ। ਕੰਵਲ ਕਹਿੰਦਾ ਜਮਨਾ ਤੋਂ ਜਮਰੌਦ ਦੇ ਖਿੱਤੇ ਦੀ ਇਕੋ ਰਹਿਤਲ, ਇਕੋ ਸਭਿਆਚਾਰ ਹੈ ਜਿਸ ਦੀ ਧੁੰਨੀ ਲਾਹੌਰ ਹੈ। ਝਨਾਂ ਦਾ ਉਹ ਕੁਝ ਵਧੇਰੇ ਹੀ ਆਸ਼ਕ ਸੀ। ਲੰਘ ਆਜਾ ਪੱਤਣ ਝਨਾਂ ਦਾ... ਗੀਤ ਉਹਨੂੰ ਲਹਿਰ ’ਚ ਲੈ ਆਉਂਦਾ ਤੇ ਉਹ ਆਮੁਹਾਰੇ ਝੂੰਮਣ ਲੱਗਦਾ।

ਅਸਲ ਵਿਚ ਕੰਵਲ ਨੂੰ ਉਹਦੇ ਨੇੜਲੇ ਵੀ ਚੰਗੀ ਤਰ੍ਹਾਂ ਨਹੀਂ ਸਮਝ ਸਕੇ। ਮੈਂ ਤੀਹ ਸਾਲ ਉਹਦੇ ਆਂਢ ਗੁਆਂਢ ਰਿਹਾ ਤੇ ਤੀਹ ਸਾਲ ਆਲੇ ਦੁਆਲੇ। ਸੱਠ ਸਾਲ ਦੀ ਸੰਗਤ ਤੇ ਉਹਦੀਆਂ ਕਿਤਾਬਾਂ ਪੜ੍ਹਨ ਨਾਲ ਵੀ ਉਹਦੀ ਥਾਹ ਨਾ ਪਾ ਸਕਿਆ। ਆਖ਼ਰ ਉਹਦੇ ਬਾਰੇ ਇਹੋ ਕਿਹਾ: ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਸੀ ਤਾਂ ਜਸਵੰਤ ਸਿੰਘ ਕੰਵਲ ਸਰੂ ਦਾ ਬੂਟਾ ਸੀ। ਉਹ ਵਗਦੀਆਂ ’ਵਾਵਾਂ ਦੇ ਵੇਗ ਵਿਚ ਝੂੰਮਦਾ ਸੀ। ਕਦੇ ਖੱਬੇ ਲਹਿਰਾਉਂਦਾ ਸੀ, ਕਦੇ ਸੱਜੇ ਤੇ ਕਦੇ ਵਾਵਰੋਲੇ ਵਾਂਗ ਘੁੰਮਦਾ ਸੀ। ਉਹਦਾ ਤਣਾ ਮਜ਼ਬੂਤ ਸੀ ਤੇ ਜੜ੍ਹਾਂ ਡੂੰਘੀਆਂ ਜਿਸ ਕਰਕੇ ਝੱਖੜ ਤੂਫ਼ਾਨ ਵੀ ਉਹਨੂੰ ਧਰਤੀ ਤੋਂ ਨਹੀਂ ਹਿਲਾ ਸਕੇ। ਉਹ ਵੇਗਮੱਤਾ ਲੇਖਕ ਸੀ ਤੇ ਲੋਹੜੇ ਦਾ ਜਜ਼ਬਾਤੀ। ਉਹਦੇ ਰੁਮਾਂਚਿਕ ਰਉਂ ’ਚ ਲਿਖੇ ਵਾਕ ਸਿੱਧੇ ਦਿਲਾਂ ’ਤੇ ਵਾਰ ਕਰਦੇ। ਉਸ ਨੇ ਲਗਭਗ ਪੰਜਾਹ ਲੱਖ ਲਫ਼ਜ਼ ਲਿਖੇ ਤੇ ਹਜ਼ਾਰਾਂ ਸੰਵਾਦ ਰਚੇ ਜੋ ਨੌਜੁਆਨ ਕੁੜੀਆਂ ਮੁੰਡਿਆਂ ਦੀਆਂ ਡਾਇਰੀਆਂ ਉਤੇ ਚੜ੍ਹਦੇ ਰਹੇ। ਉਸ ਦੇ ਨਾਵਲ ×#39;ਰਾਤ ਬਾਕੀ ਹੈ×#39; ਨੇ ਹਜ਼ਾਰਾਂ ਨੌਜੁਆਨ ਕਾਮਰੇਡ ਬਣਾਏ ਜਿਸ ਦੀ ਗਵਾਹੀ ਸੋਹਣ ਸਿੰਘ ਜੋਸ਼ ਸਮੇਤ ਅਨੇਕਾਂ ਕਾਮਰੇਡਾਂ ਤੇ ਮਾਰਕਸਵਾਦੀਆਂ ਨੇ ਭਰੀ। ਉਸ ਦੀਆਂ ਲਿਖਤਾਂ ਪੜ੍ਹ ਕੇ ਅਨੇਕਾਂ ਇਨਕਲਾਬੀ ਤੇ ਸਿੱਖ ਖਾੜਕੂ ਮਰ ਮਿਟਣ ਤਕ ਗਏ। ਆਸ਼ਕ ਮਸ਼ੂਕ ਮੁੰਡੇ ਕੁੜੀਆਂ ਉਸ ਨੂੰ ਆਪਣਾ ਲੇਖਕ ਮੰਨਦੇ ਰਹੇ ਤੇ ਕਿਰਤੀ ਕਿਸਾਨ ਆਪਣਾ। ਲੋੜ ਹੈ ਉਸ ਨੂੰ ਨਵੇਂ ਸਿਰਿਓਂ ਪੜ੍ਹਿਆ ਜਾਵੇ। ਕਿਸੇ ਲੇਖਕ ਦਾ ਵਾਦਵਿਵਾਦੀ ਹੋਣਾ ਸੁਭਾਵਿਕ ਹੈ। ਕੰਵਲ ਤਾਂ ਜੀਵਿਆ ਵੀ ਸੌ ਸਾਲ ਤੋਂ ਵੱਧ ਤੇ ਕਿਤਾਬਾਂ ਵੀ ਸੌ ਤੋਂ ਵੱਧ ਲਿਖੀਆਂ। ‘ਜੀਵਨ ਕਣੀਆਂ’ ਤੋਂ ‘ਧੁਰ ਦਰਗਾਹ’ ਪੁਸਤਕ ਤਕ ਪੁੱਜਦਿਆਂ 75 ਸਾਲਾਂ ’ਚ ਵਗੀਆਂ ’ਵਾਵਾਂ ਨਾਲ ਉਸ ਦਾ ਬਦਲਣਾ ਹੋਰ ਵੀ ਸੁਭਾਵਿਕ ਸੀ। ਮੈਨੂੰ ਆਪ ਉਹ ਕਈ ਗੱਲਾਂ ’ਚ ਸਹੀ ਲੱਗਦਾ ਤੇ ਕਈਆਂ ’ਚ ਗ਼ਲਤ। ਕਦੇ ਕਦੇ ਮੈਂ ਮੂੰਹ ’ਤੇ ਆਖ ਵੀ ਦਿੰਦਾ। ਕਈ ਵਾਰ ਉਹ ਮੰਨ ਵੀ ਲੈਂਦਾ। ਉਹਦਾ ਲੰਮਾ ਇਕਹਿਰਾ ਜੁੱਸਾ ਲਚਕਦਾਰ ਸੀ ਤੇ ਵਿਚਾਰਧਾਰਾ ਵੀ ਲਚਕਦਾਰ। ਜਿੰਨਾ ਉਹਦਾ ਆਪਣਾ ਭਾਰ ਓਨਾ ਹੀ ਕਿਤਾਬਾਂ ਦਾ ਭਾਰ। ਜੀਂਦਾ ਰਹਿੰਦਾ ਤਾਂ 27 ਜੂਨ 2021 ਨੂੰ 102 ਸਾਲਾਂ ਦਾ ਹੋਣਾ ਸੀ ਪਰ ਉਹ 100 ਸਾਲ 7 ਮਹੀਨੇ 4 ਦਿਨ ਜਿਉਂ ਕੇ ਬਿਨਾਂ ਕਿਸੇ ਦੀਰਘ ਰੋਗ ਤੋਂ 1 ਫਰਵਰੀ 2020 ਨੂੰ ਚਲਾਣਾ ਗਿਆ। ਉਹਦੀ ਲੰਮੀ ਉਮਰ ਦਾ ਰਾਜ਼ ਸੀ ਕਿ ਨਾ ਉਹ ਵੈਸ਼ਨੋ ਸੀ, ਨਾ ਕਬਾਬੀ ਤੇ ਨਾ ਅੰਮ੍ਰਿਤਧਾਰੀ। ਨਾ ਮਾਡਰਨ ਨਾ ਰਵਾਇਤੀ, ਨਾ ਦੇਸੀ ਨਾ ਵਲੈਤੀ। ਉਹ ਸੋਹਲ ਸ਼ਹਿਰੀ ਨਹੀਂ, ਪੱਕਾ ਪੇਂਡੂ ਸੀ। ਉਹ ਪੰਜਾਬ ਲਈ ਜੀਵਿਆ ਤੇ ਪੰਜਾਬ ਲਈ ਮਰਿਆ। ਉਹ ਸਹੀ ਅਰਥਾਂ ਵਿਚ ×#39;ਪੰਜਾਬੀਅਤ×#39; ਦਾ ਅਲੰਬਰਦਾਰ ਸੀ। ਉਹ ਨਾ ਕੱਟੜ ਕਾਮਰੇਡ ਸੀ, ਨਾ ਕੱਟੜ ਸਿੱਖ। ਕੱਟੜ ਤਾਂ ਉਹ ਕਿਸੇ ਗੱਲ ਵਿਚ ਵੀ ਨਹੀਂ ਸੀ। ਕੱਟੜ ਫਿਰਕਾਪ੍ਰਸਤਾਂ ਨੂੰ ਰੱਜ ਕੇ ਭੰਡਦਾ ਸੀ। ਉਹ ਸਹੀ ਅਰਥਾਂ ਵਿਚ ਸੈਕੂਲਰ ਸੀ। ਉਸ ਨੇ ਸਾਹਿਤ ਟ੍ਰੱਸਟ ਢੁੱਡੀਕੇ ਵੱਲੋਂ ਗ਼ੈਰ ਸਿੱਖ ਬਾਵਾ ਬਲਵੰਤ ਤੇ ਬਲਰਾਜ ਸਾਹਨੀ ਨਮਿੱਤ ਸਾਹਿਤਕ ਪੁਰਸਕਾਰ ਦਰਜਨਾਂ ਲੇਖਕਾਂ ਨੂੰ ਦਿੱਤੇ। ਫਿਰਕੂ ਗਿਣਤੀ ਮਿਣਤੀ ਨੂੰ ਰੱਦ ਕਰ ਕੇ ਢੁੱਡੀਕੇ ਦੀ ਧਰਮਸ਼ਾਲਾ ਵਿਚ ਨਿਰੋਲ ਪੰਜਾਬੀ ਬੋਲੀ ’ਤੇ ਆਧਾਰਿਤ ਪੰਜਾਬੀ ਸੂਬੇ ਦਾ ਮਤਾ ਪਾਸ ਕਰਵਾਇਆ। ਉਹਦੇ ਪਿਆਰੇ ਆੜੀ ਮੁਸਲਮਾਨ ਮਹਿੰਗਾ ਤੇਲੀ, ਸਰਾਜ ਮਰਾਸੀ ਤੇ ਬੁੱਧੂ ਜੁਲਾਹਾ ਸਨ ਜਿਨ੍ਹਾਂ ਨੂੰ ਉਹ ਅਖ਼ੀਰ ਤਕ ਯਾਦ ਕਰਦਾ ਰਿਹਾ। ਚੀਚਾਵਤਨੀ ਜਾ ਕੇ ਲੱਭਦਾ ਰਿਹਾ। ਉਹਦੀ ਮੁਕੱਦਸ ਕਿਤਾਬ ਵਾਰਸ ਦੀ ਹੀਰ ਸੀ। ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ ਹੋਣ ਦੇ ਬਾਵਜੂਦ ਉਸ ਨੇ ਅੰਮ੍ਰਿਤ ਨਹੀਂ ਛਕਿਆ, ਸਿੱਖੀ ਬਾਣਾ ਨਹੀਂ ਪਾਇਆ ਤੇ ਨਾ ਹੀ ਕਿਸੇ ਕਮਿਊਨਿਸਟ ਪਾਰਟੀ ਦਾ ਕਾਰਡ ਹੋਲਡਰ ਬਣਿਆ। ਨਾ ਘਰ ’ਤੇ ਕਿਸੇ ਪਾਰਟੀ ਦਾ ਝੰਡਾ ਚੜ੍ਹਾਇਆ। ਢੁੱਡੀਕੇ ਅਤੇ ਇਲਾਕੇ ਦੇ ਵਿਕਾਸ

ਲਈ ਪੰਚਾਇਤਾਂ ਨੂੰ ਨਾਲ ਲੈ ਕੇ ਲਾਲਾ ਲਾਜਪਤ ਰਾਏ ਦੇ ਨਾਂ ’ਤੇ ਕਾਲਜ ਬਣਵਾਇਆ, ਲਾਲੇ ਦੀ ਜਗ੍ਹਾ ਵੱਡਾ ਹਾਲ ਤੇ ਲਾਇਬ੍ਰੇਰੀ ਬਣਵਾਈ, ਹਸਪਤਾਲ, ਡਾਕਘਰ, ਵਾਟਰ ਵਰਕਸ ਤੇ ਲਿੰਕ ਸੜਕਾਂ



ਦੀਆਂ ਸਹੂਲਤਾਂ 1950ਵਿਆਂ ਤੇ 60ਵਿਆਂ ਵਿਚ ਹੀ ਪਿੰਡ ਲੈ ਆਂਦੀਆਂ। ਗਦਰੀ ਬਾਬਿਆਂ ਦੇ ਨਾਂ ’ਤੇ ਸਕੂਲ ਤੇ ਸੜਕਾਂ ਦੇ ਨਾਂ ਰੱਖੇ। ਕੈਰੋਂ ਦੇ ਰਾਜ ਵੇਲੇ ਕਾਮਰੇਡਾਂ ਨਾਲ ਜੇਲ੍ਹ ਵਿਚ ਰਿਹਾ। ਕਾਂਗਰਸ ਤੇ ਜਨਸੰਘ ਨੂੰ ਪੰਜਾਬ ਦੀਆਂ ਦੁਸ਼ਮਣ ਸਿਆਸੀ ਪਾਰਟੀਆਂ ਸਮਝਦਾ ਰਿਹਾ। ਆਰਾਂ ਅਕਾਲੀਆਂ ਨੂੰ ਵੀ ਲਾਉਂਦਾ ਰਿਹਾ। ਬਖ਼ਸ਼ੀਆਂ ਕਮਿਊਨਿਸਟ ਪਾਰਟੀਆਂ ਵੀ ਨਹੀਂ। ਉਹਦਾ ਦਿਲ ਸਦਾ ਕਿਰਤੀਆਂ ਕਿਸਾਨਾਂ ਲਈ ਧੜਕਦਾ ਰਿਹਾ। ਜੀਂਦਾ ਹੁੰਦਾ ਤਾਂ ਕਿਸਾਨ ਅੰਦੋਲਨ ਦੇ ਧਰਨੇ ’ਚ ਬੈਠਾ ਹੁੰਦਾ। ਉਹ ਬਹੁਪੱਖੀ ਲੇਖਕ ਸੀ ਤੇ ਬਹੁਪੱਖੀ ਮਨੁੱਖ। ਉਸ ਨੇ ਸਕੂਲੀ ਪੜ੍ਹਾਈ ਕਰਦਿਆਂ ਮਾਲ ਡੰਗਰ ਚਾਰੇ, ਫਿਰ ਮਲਾਇਆ ’ਚ ਜਾਗੇ ਦੀ ਨੌਕਰੀ ਕੀਤੀ, ਮੁੜ ਕੇ ਹਲ ਵਾਹਿਆ, ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੀ ਕਲੱਰਕੀ ਕੀਤੀ ਅਤੇ ਦੇਸ਼ ਦੀ ਵੰਡ ਸਮੇਂ ਪਿੰਡ ਦੇ ਮੁਸਲਮਾਨਾਂ ਨੂੰ ਸੁਰੱਖਿਅਤ ਕੈਂਪਾਂ ’ਚ ਪੁਚਾਇਆ। ਉਹ ਦੋ ਵਾਰ ਢੁੱਡੀਕੇ ਦਾ ਸਰਪੰਚ ਬਣਿਆ। ਉਹਦੀ ਸਰਪੰਚੀ ’ਚ ਪੰਚਾਇਤ ਨੇ ਨੈਸ਼ਨਲ ਅਵਾਰਡ ਜਿੱਤਿਆ। ਅਗਲੀਆਂ ਪਿਛਲੀਆਂ ਸਾਰੀਆਂ ਪੰਚਾਇਤਾਂ ਸਾਥ ਦਿੰਦੀਆਂ ਰਹੀਆਂ।

ਪੇਂਡੂਆਂ ਨੂੰ ਭਰਾ ਮਾਰੂ ਪਾਰਟੀਬਾਜ਼ੀ ’ਚੋਂ ਕੱਢ ਕੇ ਖੇਡ ਮੁਕਾਬਲਿਆਂ ਵੱਲ ਮੋੜਿਆ। ਲਾਲਾ ਲਾਜਪਤ ਰਾਏ ਦੇ ਜਨਮ ਦਿਵਸ ’ਤੇ ਖੇਡ ਮੇਲਾ ਸ਼ੁਰੂ ਕੀਤਾ ਜੀਹਦੇ ਉਹ 65 ਸਾਲ ਅੰਗ ਸੰਗ ਰਿਹਾ। ਆਪਣੀ ਪਹਿਲੀ ਪੁਸਤਕ ‘ਜੀਵਨ ਕਣੀਆਂ’ ਤੋਂ ਆਖ਼ਰੀ ਪੁਸਤਕ ‘ਧੁਰ ਦਰਗਾਹ’ ਤਕ ਪੁੱਜਦਿਆਂ ਕੰਵਲ ਨੇ ਜੀਵਨ ਦੇ ਅਨੇਕਾਂ ਰੰਗ ਵੇਖੇ ਤੇ ਪਾਠਕਾਂ ਨੂੰ ਵਿਖਾਏ। ਚੜ੍ਹਦੀ ਜੁਆਨੀ ’ਚ ਉਹ ਹੀਰ ਗਾਉਂਦਾ, ਕਵਿਤਾਵਾਂ ਲਿਖਦਾ, ਗੁਰਪੁਰਬਾਂ ’ਤੇ ਸੁਣਾਉਂਦਾ, ਸਾਧਾਂ ਸੰਤਾਂ ਤੇ ਵੈਲੀਆਂ ਬਦਮਾਸ਼ਾਂ ਦੀ ਸੰਗਤ ਕਰਦਾ, ਵੇਦਾਂਤ ਤੇ ਮਾਰਕਸਵਾਦ ਪੜ੍ਹਦਾ, ਸੱਜੇ ਖੱਬੇ ਕਾਮਰੇਡਾਂ ਤੇ ਨਕਸਲੀਆਂ ਦਾ ਹਮਦਰਦ ਬਣਦਾ, ਪ੍ਰੋ. ਕਿਸ਼ਨ ਸਿੰਘ ਦੇ ਮਾਰਕਸੀ ਨਜ਼ਰੀਏ ਤੋਂ ‘ਸਿੱਖ ਲਹਿਰ’ ਦੇ ਸਿੱਖ ਇਨਕਲਾਬ ਵੱਲ ਮੋੜਾ ਪਾਉਂਦਾ, ਸਿੱਖ ਹੋਮਲੈਂਡ ਦਾ ਸਮੱਰਥਨ ਕਰਦਾ, ਖਾੜਕੂਆਂ ਦਾ ਸਲਾਹਕਾਰ ਬਣਿਆ। ਫਿਰ ਉਨ੍ਹਾਂ ਦੀ ਆਲੋਚਨਾ ਵੀ ਕੀਤੀ। ਭਾਰਤ ਦੇ ਹੁਕਮਰਾਨਾਂ ਤੇ ਸਿਆਸੀ ਨੇਤਾਵਾਂ ਨੂੰ ਖੁੱਲ੍ਹੀਆਂ ਚਿੱਠੀਆਂ ਲਿਖਦਾ, ਅਖ਼ਬਾਰਾਂ ’ਚ ਛਪਵਾਉਂਦਾ, ਫਿਰ ਪੰਥ-ਪੰਥ ਤੇ ਪੰਜਾਬ-ਪੰਜਾਬ ਕੂਕਣ ਲੱਗ ਪਿਆ।

**ਅਖ਼ੀਰ ਉਹ ‘ਰੁੜ੍ਹ ਚੱਲਿਆ ਪੰਜਾਬ’ ਤੇ ‘ਪੰਜਾਬ ਤੇਰਾ ਕੀ ਬਣੂੰ ?’ ਦੇ ਝੋਰੇ ਝੁਰਨ ਲੱਗ ਪਿਆ। ਜਾਂਦੀ ਵਾਰ ਉਹ ਪੰਜਾਬ ਦੋਖੀਆਂ ਦੇ ਵੈਣ ਪਾਉਂਦਾ ਗਿਆ।**

ਉਸ ਨੇ ਲਿਖਿਆ, “ਖਰਾ ਤੇ ਅਗਾਂਹਵਧੂ ਸਾਹਿਤ ਉਹ ਹੁੰਦਾ ਹੈ, ਜਿਹੜਾ ਮਨੁੱਖ ਨੂੰ ਚੜ੍ਹਦੀ ਕਲਾ ਵਿਚ ਲੈ ਜਾਵੇ ਤੇ ਵਧੀਆ ਮਨੁੱਖ ਬਣਾਵੇ। ਜਿਹੜਾ ਸਾਹਿਤ ਸੋਸ਼ਲਿਜ਼ਮ ਲਿਆਉਣ ਲਈ ਇਨਕਲਾਬ ਦਾ ਰਾਹ ਪਧਰਾਵੇ, ਉਹੀ ਸਮਾਜਵਾਦੀ ਯਥਾਰਥਵਾਦ ਹੁੰਦਾ। ਲੋਕਾਂ ਦੇ ਲੇਖਕ ਨੂੰ ਸਰਮਾਏਦਾਰੀ ਦੇ ਵਾਦਾਂ ਕੁਵਾਦਾਂ ਤੋਂ ਕੁਝ ਵਧੇਰੇ ਹੀ ਖ਼ਬਰਦਾਰ ਰਹਿਣਾ ਚਾਹੀਦਾ

ਹੈ। ਇਹਨਾਂ ਵਾਦਾਂ ਦੀਆਂ ਛੁਰਲੀਆਂ ਛੱਡਣ ਵਾਲੇ ਅਖੌਤੀ ਬੁੱਧੀਜੀਵੀ ਸਰਮਾਏਦਾਰਾਂ ਦੇ ਜ਼ਰਖ਼ਰੀਦ ਹੁੰਦੇ ਹਨ। ਭਾਵੇਂ ਉਹ ਯੂਨੀਵਰਸਿਟੀਆਂ ਦੇ ਹੈੱਡ ਹੀ ਕਿਉਂ ਨਾ ਹੋਣ। ਉਹਨਾਂ ਦਾ ਚਲਾਊ ਗਿਆਨ ਇਨਕਲਾਬੀਆਂ ਨੂੰ ਨਿਕੰਮੇ ਤੇ ਲੋਕਾਂ ਨੂੰ ਕੁਰਾਹੇ ਪਾਉਣ ਵਾਸਤੇ ਵਰਤਿਆ ਜਾਂਦਾ ਹੈ। ਆਰਥਕ ਪੱਖ ਤੋਂ ਲੈ ਕੇ ਜ਼ਿੰਦਗੀ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਸਰਮਾਏਦਾਰੀ ਸਮਾਜ ਦਾ ਖ਼ਾਤਮਾ ਤੇ ਸਮਾਜਵਾਦ ਦੀ ਮੁਕੰਮਲ ਸਥਾਪਨਾ ਵਿਚ ਹੈ।” ਉਸ ਨੇ ਕਿੱਸੇ, ਸੂਫੀ ਸਾਹਿਤ ਤੇ ਗੁਰਬਾਣੀ ਪੜ੍ਹਨ ਦੇ ਨਾਲ ਰੂਸੋ, ਵਾਲਟੇਅਰ, ਵਿਕਟਰ ਹਿਊਗੋ, ਮੈਕਸਿਮ ਗੋਰਕੀ, ਲਿਓ ਤਾਲਸਤਾਏ, ਤੁਰਗਨੇਵ, ਮੇਜਨੀ, ਚਾਰਲਸ ਡਿਕਨਜ਼ ਤੇ ਸ਼ੋਲੋਖੋਵ ਆਦ ਵਿਸ਼ਵ ਪ੍ਰਸਿੱਧ ਲੇਖਕਾਂ ਦੀਆਂ ਕਿਤਾਬਾਂ ਚੜ੍ਹਦੀ ਉਮਰ ’ਚ ਪੜ੍ਹੀਆਂ।

ਉਨ੍ਹਾਂ ਨਾਲ ਉਹਦੇ ਗਿਆਨ ’ਚ ਵਾਧਾ ਹੁੰਦਾ ਗਿਆ ਤੇ ਲਿਖਣ ਦੀ ਚੇਟਕ ਲੱਗ ਗਈ। ਉਸ ਨੇ ਕਾਵਿਕ ਵਾਰਤਕ ਵਿਚ ਕਾਵਿ ਖ਼ਿਆਲ ਲਿਖਣੇ ਸ਼ੁਰੂ ਕਰ ਲਏ। ਫਿਰ ਉਸ ਨੇ ਕਾਵਿ ਖ਼ਿਆਲਾਂ ਦਾ ਛੋਟਾ ਜਿਹਾ ਕਿਤਾਬੀ ਖਰੜਾ ਤਿਆਰ ਕਰ ਲਿਆ। ਉਹ 1940 ਵਿਚ ਅੰਮ੍ਰਿਤਸਰ ਦੇ ਬਾਜ਼ਾਰ ਮਾਈ ਸੇਵਾਂ ਵਾਲੇ ਪਬਲਿਸ਼ਰ ਹਰਨਾਮ ਸਿੰਘ ਐਂਡ ਸੰਨਜ਼ ਨੂੰ ਮਿਲਿਆ।

ਖਰੜਾ ਕਹਾਣੀਕਾਰ ਸੁਜਾਨ ਸਿੰਘ ਨੂੰ ਵਿਖਾਇਆ ਗਿਆ ਅਤੇ ਉਹਦੀ ਸਲਾਹ ਨਾਲ ‘ਜੀਵਨ ਕਣੀਆਂ’ ਨਾਂ ਦੀ ਪੁਸਤਕ ਛਾਪ ਦਿੱਤੀ ਗਈ। 76 ਪੰਨਿਆਂ ਦੀ ਇਸ ਨਿੱਕੀ ਜਿਹੀ ਪੁਸਤਕ ਵਿਚ ਪਿੱਛੋਂ ਹਜ਼ਾਰਾਂ ਪੰਨਿਆਂ ’ਤੇ ਛਪੀ ਕੰਵਲ ਦੀ ਸਾਰੀ ਸਾਹਿਤਕ ਰਚਨਾ ਦਾ ਬੀਜ ਸੀ। ਉਹਦੇ ਮੁਖ ਬੰਦ ਦਾ ਅੰਤਲਾ ਪੈਰਾ ਸੀ: ਹੋ ਸਕਦਾ ਹੈ, ਜੋ ਕੁੱਝ ਮੈਂ ਲਿਖਿਆ ਹੈ, ਉਸ ਵਿੱਚ ਬਹੁਤ ਕੁੱਝ ਭਾਵੁਕ ਹੋਵੇ। ਪਰ ਜਜ਼ਬੇ ਦੀ ਬੁਨਿਆਦ ਹੀ ਜ਼ਿੰਦਗੀ ਹੈ। ਇਹ ਇੱਕ ਪਿੱਛੋਂ ਆਏ ਲਿਖਾਰੀ ਦੇ ਖਿਲਰੇ ਖ਼ਿਆਲਾਂ ਦਾ ਸੰਗ੍ਰਹਿ ਹੈ ਜਾਂ ਹਿਰਦੇ ਦੀਆਂ ਅਣਸਾਂਭੀਆਂ ਲਹਿਰਾਂ। ਪੰਜਾਬੀ ਪਾਠਕ ਪਿਆਰ ਤੋਹਫ਼ਾ ਜਾਣ ਕੇ ਪ੍ਰਵਾਨ

**ਕਰਨ। ਇਹ ਖ਼ਿਆਲ ਮੈਂ ਵੀਹ-ਬਾਈ ਸਾਲ ਦੀ ਉਮਰ ਵਿੱਚ ਲਿਖੇ ਹਨ।**

**-ਜਸਵੰਤ ਸਿੰਘ ਕੰਵਲ**

**‘ਜੀਵਨ ਕਣੀਆਂ’ ਵਿਚਲੇ ਖਿਲਰੇ ਖ਼ਿਆਲ ਜਾਂ ਅਣਸਾਂਭੀਆਂ ਲਹਿਰਾਂ ਦੇ ਕੁਝ ਵਾਕ ਹਨ:**

**-ਲਗਨ ਕਾਮਯਾਬੀ ਦਾ ਬੂਹਾ ਖੜਕਾਉਂਦੀ ਹੈ, ਕਾਮਯਾਬੀ ਜ਼ਿੰਦਗੀ ਦਾ ਮਕਸਦ ਪੂਰਾ ਕਰਦੀ ਹੈ।**

**-ਪ੍ਰੇਮ ਕਬਰ ਵਿੱਚ ਪੈਂਦਾ ਹੈ, ਇਨਸਾਫ਼ ਉਸ ’ਤੇ ਛਾਂ ਕਰਦਾ ਹੈ ਤੇ ਫ਼ਰਜ਼ ਫੁੱਲ ਬਣ ਕੇ ਉਸ ਦੀ ਕਬਰ ’ਤੇ ਖਿੜਦਾ ਹੈ।**

**-ਹੁਸਨ ਰੱਬ ਦਾ ਰੂਪ ਹੈ, ਜਵਾਨੀ ਰੱਬ ਦਾ ਮਾਣ ਤੇ ਪਿਆਰ ਉਹਦਾ ਸੁਭਾਅ।**

**-ਗੁਰਦੇਵ ਦੀਵਾ ਹੈ, ਜਿਸ ਵਿੱਚ ਸ਼ਿਸ਼ ਦੀ ਅੰਨ੍ਹੀ ਆਤਮਾ ਚਾਨਣ ਪਾਉਂਦੀ ਹੈ।**

**-ਗੁਰਦੇਵ ਉਹ ਸੋਮਾ ਹੈ ਜਿਸ ਵਿੱਚ ਨਹਾ ਕੇ ਸ਼ਿਸ਼ ਦੇ ਗੁਨਾਹ ਨੇਕੀਆਂ ਬਣ ਜਾਂਦੇ ਹਨ।**

**-ਹਨ੍ਹੇਰਾ ਚੰਗਾ ਹੈ ਜੇ ਚਾਨਣ ਵਿੱਚ ਕੋਈ ਲਿਸ਼ਕ ਨਹੀਂ, ਮੌਤ ਚੰਗੇਰੀ ਹੈ ਜੇ ਜੀਵਨ ਵਿੱਚ ਕੋਈ ਸੁਆਦ ਨਹੀਂ।**

**-ਯਾਦ ਬੀਤੇ ਆਨੰਦ ਨੂੰ ਸਾਂਭ ਕੇ ਰੱਖਦੀ ਹੈ। ਉਦਾਸ ਹੋਈ ਜ਼ਿੰਦਗੀ ਇਸ ਦੀ ਹੋਂਦ ਸਦਕਾ ਖਿੜ ਪੈਂਦੀ ਹੈ।**

**-ਇਨ੍ਹਾਂ ਪੰਜਾਂ ਦਾ ਕੋਈ ਮਜ਼੍ਹਬ ਨਹੀਂ ਹੁੰਦਾ: ਬੱਚਾ, ਸ਼ਾਇਰ, ਪਾਗ਼ਲ, ਗਿਆਨੀ ਤੇ ਵੇਸਵਾ।**

**-ਕੁਦਰਤ ਦਾ ਕਿੰਨਾ ਹੀ ਗਿਆਨ ਹਾਲੇ ਮਨੁੱਖ ਦੀ ਦੌੜ ਤੋਂ ਸਦੀਆਂ ਅੱਗੇ ਪਿਆ ਹੈ।**

**-ਮਾਂ ਧਰਤੀ ਦੀ ਮਾਲਣ ਹੈ ਤੇ ਬੱਚੇ ਟਹਿਕਦੇ ਫੁੱਲ। ਜੇ ਧਰਤੀ ਨੂੰ ਸਵਰਗ ਬਣਾਉਣਾ ਚਾਹੁੰਦੇ ਹੋ, ਬੱਚਿਆਂ ਵੱਲ ਧਿਆਨ ਦਿਓ।**

**-ਡਾਕੂ ਆਪੀਂ ਪੈਦਾ ਨਹੀਂ ਹੁੰਦੇ, ਸਗੋਂ ਸਾਡੀਆਂ ਬੇਇਨਸਾਫ਼ੀਆਂ ਹੀ ਅਣਭੋਲ ਆਦਮੀਆਂ ਨੂੰ ਭੈੜੇ ਬਣਾਉਂਦੀਆਂ ਹਨ।**

**-ਕੰਮ, ਜ਼ਿੰਦਗੀ ਦਾ ਸਾਰ ਹੈ, ਰੁਝੇਵਾਂ ਹੈ। ਇਹ ਧਨ, ਇੱਜ਼ਤ ਤੇ ਖ਼ੁਸ਼ੀ ਪੈਦਾ ਕਰਦਾ ਹੈ।**

**-ਸਫਾਈ ਮਨੁੱਖ ਦੀ ਆਪਣੀ ਪੈਦਾ ਕੀਤੀ ਸੁੰਦਰਤਾ ਹੈ। ਅਰੋਗਤਾ ਦੀ ਗਰੰਟੀ ਹੈ।**

**-ਖ਼ੁਸ਼ੀ ਉਹ ਬਹਾਰ ਹੈ, ਜਿਹੜੀ ਸੁੱਕੀਆਂ ਟਹਿਣੀਆਂ ਵਿੱਚੋਂ ਖੇੜਾ ਪੈਦਾ ਕਰਦੀ ਹੈ।**

**-ਚੰਦ ਛੁਪ ਜਾਣ ਲਈ ਚੜ੍ਹਦਾ ਹੈ, ਫੁੱਲ ਟੁੱਟ ਜਾਣ ਲਈ ਖਿੜਦਾ ਹੈ, ਬੰਦਾ ਮਰ ਜਾਣ ਲਈ ਜੰਮਦਾ ਹੈ।**

ਕੰਵਲ ਦੀਆਂ ਲਿਖਤਾਂ ਵਿਚ ਕਹਿਰਾਂ ਦਾ ਜਜ਼ਬਾ ਤੇ ਸ਼ੂਕਦਾ ਵੇਗ ਹੈ ਜੋ ਪਾਠਕਾਂ ਨੂੰ ਆਮੁਹਾਰੇ ਆਪਣੇ ਨਾਲ ਵਹਾ ਲੈ ਜਾਂਦਾ ਹੈ। ਪ੍ਰਿੰਸੀਪਲੀ ਤੋਂ ਰਿਟਾਇਰ ਹੋਣ ਪਿੱਛੋਂ ਮੈਂ ਕੈਨੇਡਾ ਚਲਾ ਗਿਆ ਤਾਂ ਕੈਨੇਡਾ ਤੋਂ ਪੰਜਾਬ ਆ ਕੇ ਵੀ ਉਸ ਨੂੰ ਮਿਲਦਾ ਗਿਲਦਾ ਰਿਹਾ। ਅਖ਼ੀਰ ਉਮਰੇ ਉਸ ਨੂੰ ਦਿਸਦਾ ਤਾਂ ਸਾਫ ਸੀ ਪਰ ਸੁਣਦਾ ਉੱਚਾ ਸੀ। ਉਹ ਹਰ ਰੋਜ਼ ਕੁਝ ਨਾ ਕੁਝ ਪੜ੍ਹਦਾ ਲਿਖਦਾ ਸੀ। ਕੋਈ ਹਾਲ ਚਾਲ ਪੁੱਛਦਾ ਤਾਂ ਆਂਹਦਾ ਸੀ, “ਮੇਰਾ ਤਾਂ ਚੰਗਾ ਪਰ ਪੰਜਾਬ ਦਾ ਮਾੜੈ।” ਕਦੇ ਉਸ ਨੂੰ ‘ਪੂਰਨਮਾਸ਼ੀ’ ਵਾਲਾ ਕੰਵਲ, ਕਦੇ ‘ਰਾਤ ਬਾਕੀ ਹੈ’ ਵਾਲਾ ਕਾਮਰੇਡ, ਕਦੇ ‘ਲਹੂ ਦੀ ਲੋਅ’ ਵਾਲਾ ਨਕਸਲੀ ਤੇ ਕਦੇ ‘ਐਨਿਆਂ ’ਚੋਂ ਉਠੋ ਸੂਰਮਾ’ ਵਾਲਾ ਖਾੜਕੂ ਲੇਖਕ ਕਹਿ ਕੇ ਵਡਿਆਇਆ ਜਾਂਦਾ ਰਿਹਾ। ਕਦੇ ਉਸ ਨੂੰ ਨਾਵਲਕਾਰ ਨਾਨਕ ਸਿੰਘ ਦਾ ਵਾਰਸ ਤੇ ਕਦੇ ਪੰਜਾਬ ਦੇ ਪੇਂਡੂ ਜੀਵਨ, ਖ਼ਾਸ ਕਰ ਕੇ ਕਿਸਾਨੀ ਜੀਵਨ ਦਾ ਮੋਢੀ ਨਾਵਲਕਾਰ ਕਿਹਾ ਜਾਂਦਾ। ਉਸ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਸਕੱਤਰੀ, ਪ੍ਰਧਾਨਗੀ ਤੇ ਸਰਪ੍ਰਸਤੀ ਵੀ ਨਿਭਾਈ। ਪੰਜਾਬੀ ਸਾਹਿਤ ਟ੍ਰੱਸਟ ਢੁੱਡੀਕੇ ਦਾ ਤਾਂ ਉਹ ਜੀਵਨ ਭਰ ਲਈ ਜਨਰਲ ਸਕੱਤਰ ਸੀ ਜਿਸ ਨੇ ਸੌ ਕੁ ਲੇਖਕਾਂ ਨੂੰ ਸਾਹਿਤਕ ਪੁਰਸਕਾਰ ਦਿੱਤੇ। ਉਹ ਪੰਜਾਬੀ ਕਨਵੈਨਸ਼ਨਾਂ ਦਾ ਕਨਵੀਨਰ ਤੇ ਇੰਗਲੈਂਡ ਵਿਚ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਕਰਾਉਣ ਵਾਲੀ ਟੀਮ ਦਾ ਅੰਗ ਬਣਿਆ। ਉਸ ਨੇ ਪੰਜਾਬੀ ਨੂੰ ਦੇਵਨਾਗਰੀ ਲਿੱਪੀ ਵਿਚ ਲਿਖਣ ਤੇ ਹਿੰਦੀ ਸੰਸਕ੍ਰਿਤ ਦੀ ਸ਼ਬਦਾਵਲੀ ’ਚ ਖਚਤ ਹੋਣ ਤੋਂ ਬਚਾਉਣ ਵਿਚ ਅਹਿਮ ਰੋਲ ਨਿਭਾਇਆ। ਪੰਜਾਬੀ ਵਿਚ ਉਸ ਦੇ ਸਭ ਤੋਂ ਬਹੁਤੇ ਪਾਠਕ ਸਨ/ਹਨ। ਉਸ ਨੇ ਦੇਸ਼ ਵਿਦੇਸ਼ ਦੀਆਂ ਖ਼ੂਬ ਸੈਰਾਂ ਕੀਤੀਆਂ। ਅਨੇਕਾਂ ਅਜਾਇਬ ਘਰ ਵੇਖੇ। ਮਹਿੰਜੋਦਾੜੋ ਦੇ ਖੰਡਰਾਂ ਦੀ ਬਾਤ ਪਾਈ। ਖੇਡ ਮੇਲਿਆਂ ਵਿਚ ਕਬੱਡੀ ਦੇ ਮੈਚ ਖਿਡਾਏ ਤੇ ਕੁਮੈਂਟਰੀ ਕੀਤੀ। ਦਸਵੰਧ ਲੋੜਵੰਦਾਂ ਨੂੰ ਦਿੱਤਾ। 27 ਜੂਨ 2019 ਨੂੰ ਜਦੋਂ ਉਹ ਸੌ ਸਾਲਾਂ ਦਾ ਹੋਇਆ ਤਾਂ ਉਸ ਦੀ ਜਨਮ ਸ਼ਤਾਬਦੀ ਸਮੇਂ ਢੁੱਡੀਕੇ ਪੰਜ ਰੋਜ਼ਾ ‘ਕੰਵਲ ਸ਼ਤਾਬਦੀ ਸੰਗ ਪੂਰਨਮਾਸ਼ੀ ਪੰਜਾਬੀ ਜੋੜ ਮੇਲਾ’ ਮਨਾਇਆ ਗਿਆ। 2018 ਵਿਚ ਮੈਂ ਉਸ ਨੂੰ ਮੱਲੋਮੱਲੀ ਢੁੱਡੀਕੇ ਦੇ ਖੇਡ ਮੇਲੇ ’ਚ ਲੈ ਗਿਆ ਸਾਂ। 2019 ਵਿਚ ਮੇਲੇ ’ਚ ਲਿਜਾ ਕੇ ਸੈਂਚਰੀ ਮਾਰਨ ਦੀ ਝੰਡੀ ਕਰਵਾ ਆਇਆ ਸਾਂ। 2020 ਦਾ ਮੇਲਾ ਵਿਖਾਉਣ ਲਈ ਬਥੇਰਾ ਕਿਹਾ: ਓੜਕ ਨੂੰ ਮਰ ਜਾਣਾ ਚੱਲ ਮੇਲੇ ਚੱਲੀਏ... ਪਰ ਉਹ ਜਾਂਦੀ ਵਾਰ ਦਾ ਮੇਲਾ ਵੇਖਣ ਜੋਗਾ ਨਹੀਂ ਸੀ ਰਿਹਾ।

# ਕੈਨੇਡਾ ਵਾਸੀਆਂ ਨੂੰ ਇੱਕ ਦੂਜੇ ਤੋਂ ਸਿੱਖਣ ਦੀ ਲੋੜ




ਕੈਨੇਡਾ ਦੇ ਲੋਕ ਲੰਘੀ 6 ਜੂਨ ਨੂੰ ਓਂਟੈਰੀਓ ਦੇ ਲੰਡਨ ਸ਼ਹਿਰ ਵਿੱਚ ਆਪਣੇ 4 ਮੈਂਬਰਾਂ ਦੇ ਬੇਰਹਿਮ ਕਤਲ ਤੋਂ ਬਾਦ ਦੁੱਖ ਵਿੱਚੋਂ ਗੁਜ਼ਰ ਰਹੇ ਹਨ। ਇਹ ਦੱਸਿਆ ਗਿਆ ਹੈ ਕਿ ਕਤਲ ਦਾ ਕਾਰਨ ਮੁਸਲਮਾਨਾਂ ਪ੍ਰਤੀ ਨਫ਼ਰਤ ਸੀ। ਇਸ ਦਾ ਮਤਲਬ ਇਹ ਹੋਇਆ ਕਿ ਇੱਕ ਪਰਿਵਾਰ ਦੇ 4 ਲੋਕ ਇਸ ਕਰਕੇ ਮਾਰੇ ਗਏ ਕਿ ਉਹ ਮੁਸਲਮਾਨ ਸਨ!

ਇਸ ਵਿੱਚ ਕੋਈ ਸ਼ੱਕ ਨਹੀਂ ਅਤੇ ਸਟੈਟਸ ਕੈਨੇਡਾ ਦੀ ਰਿਪੋਰਟ ਦੇ ਅਨੁਸਾਰ ਪਿਛਲੇ ਅਤੇ ਇਸ ਸਾਲ ਦੌਰਾਨ ਮੁਸਲਮਾਨਾਂ, ਯਹੂਦੀਆਂ ਅਤੇ ਏਸ਼ੀਅਨਾਂ ਦੇ ਖਿਲਾਫ਼ ਨਫ਼ਰਤ ਭਰੇ ਅਪਰਾਧ ਵਧੇ ਹਨ।

2019 ਦੀ ਇਪਸੌਸ ਰੀਡ ਦੀ ਰਿਪੋਰਟ ਦੱਸਦੀ ਹੈ ਕਿ ਪੋਲ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 26% ਲੋਕ ਮੰਨਦੇ ਸਨ ਕਿ ਮੁਸਲਾਮਾਨਾਂ ਅਤੇ ਰੈਫਿਊਜੀਆਂ ਪ੍ਰਤੀ ਵਧੇ ਨਫ਼ਰਤ ਵਾਲੇ ਵਿਚਾਰ ‘ਸਵੀਕਾਰ ਯੋਗ ਸਨ। ਇਮੀਗ੍ਰੈਂਟਾਂ ਪ੍ਰਤੀ 23% ਅਤੇ 15% ਜਾਂ ਇਸ ਤੋਂ ਥੋੜ੍ਹਾ ਘੱਟ ਇੰਡੋ-ਕੈਨੇਡੀਅਨਾਂ ਅਤੇ ਯਹੂਦੀਆਂ ਪ੍ਰਤੀ ਇਹੀ ਭਾਵਨਾ ਸੀ।

ਸਦੀਆਂ ਤੋਂ, ਸ਼ੁਰੂ ਤੋਂ ਹੀ ਇੱਕ ਦੂਜੇ ਪ੍ਰਤੀ ਨਾ-ਸਵੀਕਾਰ ਕਰਨ ਦੀ ਭਾਵਨਾ ਮੌਜੂਦ ਰਹੀ ਹੈ। ਕਈ ਲੋਕ ਜਿਹੜੇ ਹੁਣ ਕੈਨੇਡਾ ਆ ਗਏ, ਉਹ ਪਹਿਲਾਂ ਵੀ (ਆਪਣੇ ਹੀ ਦੇਸ਼ ਵਿੱਚ) ਨਸਲਵਾਦ ਦਾ ਸ਼ਿਕਾਰ ਸਨ।

ਪਿਛਲੇ ਸਾਲ ਦੇ ਅਖੀਰ ‘ਤੇ ਮੈਨੂੰ ਸਿਟੀ ਔਫ਼ ਕੈਲਗਰੀ ਦੀ ਐਂਟਿ-ਰੇਸਿਜ਼ਮ ਕਮੇਟੀ ਦਾ ਅਤੇ ਇਸ ਸਾਲ ਦੇ ਸ਼ੁਰੂ ਵਿੱਚ ਕੈਲਗਰੀ ਪੁਲਿਸ ਦੀ ਐਂਟਿ-ਰੇਸਿਜ਼ਮ ਐਕਸ਼ਨ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਇਸ ਕਰਕੇ ਨਹੀਂ ਕਿ ਮੈਂ ਕੈਨੇਡੀਅਨ ਗੋਰੇ ਮਾਪਿਆਂ ਦੀ ਔਲਾਦ ਸਾਂ। ਮੈਂ ਯੂਨਿਵਰਸਿਟੀ ਔਫ਼ ਕੈਲਗਰੀ ਦੀ ਸੈਨੇਟ ਦਾ ਮੈਂਬਰ ਹਾਂ ਇਸ ਕਰਕੇ ਨਹੀਂ ਕਿ ਮੇਰੀ ਉਚੇਰੀ ਪੜ੍ਹਾਈ ਇਸ ਯੂਨਿਵਰਸਿਟੀ ਜਾਂ ਇਸ ਦੇਸ਼ ਵਿੱਚੋਂ ਹੋਈ ਹੈ। ਮੇਰੇ ਆਪਣੇ ਤਜਰਬਿਆਂ ਨੂੰ ਉਸੇ ਤਰ੍ਹਾਂ ਸਵੀਕਾਰ ਕੀਤਾ ਗਿਆ ਹੈ। ਕੀ ਇਹ ਮਾਣ ਵਾਲੀ ਗੱਲ ਨਹੀਂ?

ਅਸੀਂ ਨਸਲਵਾਦੀ ਹੋ ਸਕਦੇ ਹਾਂ। ਸਾਡੇ ਵਿੱਚੋਂ ਕਈ ਹਨ ਵੀ। ਇਸ ਦਾ ਸਿਰਫ਼ ਇੱਕੋ ਇੱਕ ਕਾਰਨ ਸਾਡੀ ਅਗਿਆਨਤਾ ਹੈ। ਸਾਡੇ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਲੀਡਰਾਂ ਨੇ ਸਾਨੂੰ ਫੇਲ੍ਹ ਕੀਤਾ ਹੈ। ਜਦੋਂ ਬਾਈਬਲ ਕਹਿੰਦੀ ਹੈ ਕਿ ‘ਅਸੀਂ ਇੱਕੋ ਮਾਂ ਦੇ ਜਾਏ ਹਾਂ, ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖਿਆ ਹੈ, ‘ਏਕ ਨੂਰ ਤੇ ਸਭ ਜਗ ਉਪਜਿਆ’ ਅਤੇ ਭਗਵਦ ਗੀਤਾ ਆਖਦੀ ਹੈ, ‘ਸਾਰੇ ਜੀਵ ਪਰਮਾਤਮਾ ਦਾ ਅੰਸ਼ ਹਨ, ਸੰਸਾਰ ਦੀ ਹਰ ਚੀਜ਼ ਪਰਮਾਤਮਾ ਦਾ ਹੀ ਵਿਸਥਾਰ ਹੈ’ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਸਾਰੇ ਇੱਕੋ ਹਾਂ। ਸਾਡੇ ਰੰਗ, ਵਿਸ਼ਵਾਸ, ਧਰਮ, ਜਾਤੀਆਂ ਵੱਖ ਵੱਖ ਹੋ ਸਕਦੀਆਂ ਪਰ ਹਾਂ ਤਾਂ ਅਸੀਂ ਸਾਰੇ ਮਨੁੱਖ ਹੀ। ਕੋਈ ਧਰਮ ਨਫ਼ਰਤ ਨਹੀਂ ਸਿਖਾਉਂਦਾ।

ਅਸੀਂ ਕੈਨੇਡਾ ਵਿੱਚ ਕੀ ਕਰ ਰਹੇ ਹਾਂ ਕਿ ਇੱਥੇ ਰਹਿੰਦਿਆਂ ਹੀ ਆਪੋ ਆਪਣੇ ਛੋਟੇ ਛੋਟੇ ਮੁਲਕ ਬਣਾ ਲਏ ਹਨ। ਸਾਡੇ ਕੋਲ ਨੌਰਥ ਈਸਟ ਕੈਲਗਰੀ ਵਿੱਚ ਮਿੰਨੀ ਪੰਜਾਬ ਹੈ। ਟੈਰਾਡੇਲ ਵਿੱਚ ਕਰਾਚੀ ਬਾਜ਼ਾਰ ਹੈ। ਅਸੀਂ ਉੱਥੇ ਹੀ ਜ਼ਿਆਦਾ ਰਹਿਣਾ ਚਾਹੁੰਦੇ ਹਾਂ ਜਿੱਥੇ ‘ਸਾਡੇ ਵਰਗੇ’ ਰਹਿੰਦੇ ਹੋਣ। ਅਸੀਂ ਅੰਗਰੇਜ਼ੀ ਨਹੀਂ ਬੋਲਣਾ ਚਾਹੁੰਦੇ। ਅਸੀਂ ਆਪਣਾ ਕਲਚਰ ਫੈਲਾਉਣਾ, ਵਧਾਉਣਾ ਚਾਹੁੰਦੇ ਹਾਂ ਪਰ ਦੂਜਿਆਂ ਦੇ ਕਲਚਰ ਨੂੰ ਹਜ਼ਮ ਨਹੀਂ ਕਰ ਸਕਦੇ। ‘ਆਪਣੇ ਵਰਗਿਆਂ’ ਨਾਲ ਰਹਿਣ ਵਿੱਚ ਕੋਈ ਹਰਜ਼ ਨਹੀਂ ਹੈ ਅਤੇ ਅੰਗਰੇਜ਼ੀ ਬੋਲੇ ਤੋਂ ਬਿਨਾਂ ਸਾਡਾ ਗੁਜ਼ਾਰਾ ਹੋ ਸਕਦਾ ਹੈ ਪਰ ਦੂਜਿਆਂ ਵਿੱਚ ਇੱਕ-ਮਿਕਤਾ ਅਤੇ ਇੱਕ ਦੂਜੇ ਨਾਲ ਮਿਲਣਸਾਰਤਾ ਵਧੇਰੇ ਜ਼ਰੂਰੀ ਹੈ। ਜੇ ਅਸੀਂ ਆਪਣੇ ਆਲ੍ਹਣੇ ਵਿੱਚੋਂ ਹੀ ਬਾਹਰ ਨਾ ਆਏ ਤਾਂ ਦੂਜਿਆਂ ਬਾਰੇ ਅਸੀਂ ਸਿੱਖ ਨਹੀਂ ਸਕਾਂਗੇ।

ਬਹੁਤ ਕੁੱਝ ਅਜਿਹਾ ਹੈ ਜਿਹੜਾ ਅਸੀ ਇੱਕ ਦੂਜੇ ਕੋਲੋਂ ਸਿੱਖ ਸਕਦੇ ਹਾਂ। ਉਦਾਹਰਣ ਵੱਜੋਂ, ‘ਸਵਾਸਤਿਕਾ’ ਸ਼ਬਦ ਸੰਸਕ੍ਰਿਤ ਦੇ ਸ਼ਬਦ ‘ਸਵਾਸਤਿਕ’ ਤੋਂ ਲਿਆ ਗਿਆ ਹੈ। ਇਸ ਦਾ ਮਤਲਬ ਹੈ ‘ਚੰਗੀ ਕਿਸਮਤ’ ਜਾਂ ‘ਕਲਿਆਣ’। ਲਗਪਗ 7 ਹਜ਼ਾਰ ਸਾਲ ਪਹਿਲਾਂ ਇਹ ਪ੍ਰਤੀਕ ਹਿੰਦੂ ਕਲਚਰ ਅਤੇ ਧਰਮ ਵਿੱਚ ਵਰਤਿਆ ਜਾਣਾ ਸ਼ੁਰੂ ਹੋਇਆ। ਇਹ ਸੂਰਜ ਦੀ ਅਸਮਾਨ ਵਿੱਚ ਗਤੀ ਦਾ ਪ੍ਰਤੀਕ ਵੀ ਰਿਹਾ ਹੈ।

ਇਸੇ ਤਰ੍ਹਾਂ ਦੇ ਕਈ ਡਿਜ਼ਾਇਨ 6ਵੀਂ ਸਦੀ ਵਿੱਚ ਜਰਮਨ ਭਾਂਡਿਆਂ ‘ਤੇ ਮਿਲੇ ਅਤੇ ਨਤੀਜੇ ਵੱਜੋਂ ਕੁੱਝ ਜਰਮਨ ਅਤੇ ਦੂਜੇ ਯੂਰੋਪੀਅਨ ਵਿਦਵਾਨਾਂ ਨੇ ਇਸ ਨੂੰ ਆਰੀਅਨ ਕਲਚਰ ਦਾ ਹਿੱਸਾ ਮੰਨ ਕੇ ਜੋੜਨਾ ਸ਼ੁਰੂ ਕਰ ਦਿੱਤਾ। ਇਸ ਨੂੰ ‘ਆਰੀਅਨ ਪਹਿਚਾਣ’ ਦੇ ਨਾਲ ਨਾਲ ਜਰਮਨ ਰਾਸ਼ਟਰਵਾਦੀ ਮਾਣ ਦਾ ਪ੍ਰਤੀਕ ਬਣਾਇਆ ਗਿਆ। ਇਹੀ ਕਾਰਨ ਰਿਹਾ ਕਿ ਇਸ ਪ੍ਰਤੀਕ ਨੂੰ ਜਰਮਨ ਲੋਕਾਂ ਦਾ ਮੰਨਦਿਆਂ ਹੋਇਆਂ, ਨਾਜ਼ੀ ਪਾਰਟੀ ਨੇ ਇਸ ਨੂੰ 1920 ਵਿੱਚ ਪਾਰਟੀ ਦਾ ਪ੍ਰਤੀਕ ਬਣਾ ਲਿਆ।

ਹਿੰਦੂਆਂ ਵਿੱਚੋਂ ਕਿਸੇ ਧਾਰਮਿਕ ਲੀਡਰ ਨੇ ਅੱਗੇ ਆ ਕੇ ਇਸ ਦੀ ਵਿਆਖਿਆ ਨਹੀਂ ਦਿੱਤੀ। ਅੱਜ ਵੀ ਹਿੰਦੂ ਆਪਣੇ ਘਰਾਂ ਵਿੱਚ ਬੱਚਿਆਂ ਦੇ ਜਨਮ ਵੇਲੇ, ਵਿਆਹਾਂ ਵੇਲੇ, ਨਵੇਂ ਘਰਾਂ ਵਿੱਚ ਪ੍ਰਵੇਸ਼ ਵੇਲੇ ਇਸ ਪ੍ਰਤੀਕ ਚਿੰਨ੍ਹ ਨੂੰ ਵਰਤਦੇ ਹਨ। ਇਹ ਪ੍ਰਤੀਕ ਸਦੀਆਂ ਤੋਂ ‘ਚੰਗੀ ਕਿਸਮਤ’ ਅਤੇ ‘ਕਲਿਆਣ’ ਲਈ ਵਰਤਿਆ ਜਾਂਦਾ ਰਿਹਾ ਹੈ। ਚੰਗਿਆਈ ਦਾ




ਇਹ ਪ੍ਰਤੀਕ ਬੁਰਾਈ ਜਾਂ ਨਫ਼ਰਤ ਦਾ ਪ੍ਰਤੀਕ ਕਿਵੇਂ ਅਤੇ ਕਦੋਂ ਬਣ ਗਿਆ? ਇਹ ਵੱਡਾ ਸਵਾਲ ਹੈ।

ਦੋ-ਦੋ ਐਂਟਿ-ਰੇਸਿਜ਼ਮ ਕਮੇਟੀਆਂ ਦਾ ਮੈਂਬਰ ਹੋਣ ਦੇ ਨਾਤੇ ਮੈਂ ਇਹ ਸਿੱਖਿਆ ਹੈ ਕਿ ਸਾਨੂੰ ਪਹਿਲਾਂ ਆਪਣੇ ਆਪ ਨੂੰ ਤੇ ਫਿਰ ਆਪਣਿਆਂ ਨੂੰ ਸਿੱਖਿਅਤ ਕਰਨਾ ਪਵੇਗਾ। ਆਓ, ਇੱਕ ਦੂਜੇ ਵਿੱਚ ਸ਼ਾਮਲ ਹੋਈਏ ਅਤੇ ਉਹਨਾਂ ਨਾਲ ਰਲੀਏ, ਇੱਕ ਮਿੱਕ ਹੋਈਏ। ਆਪਾਂ ਆਪਣੇ ਆਪ ਨੂੰ ਬਹੁਤ ਸਮਝ ਲਿਆ ਹੈ, ਆਓ ਹੁਣ ਦੂਜਿਆਂ ਨੂੰ ਵੀ ਸਮਝੀਏ! ਇਹੀ ਹੁਣ ਸਮਾਂ ਹੈ।

ਰਿਸ਼ੀ ਨਾਗਰ

ਕੈਲਗਰੀ ਦੇ ਨਾਮਵਰ ਮੀਡੀਆ ਕਰਮੀ ਰਿਸੀ ਨਾਗਰ ਜੀ ਦਾ ਇਹ ਲੇਖ ਅੰਗਰੇਜੀ ਦੇ ਅਖਬਾਰ ਕੈਲਗਰੀ ਹੈਰਲਡ ਵਿੱਚ 22 ਜੂਨ 2021 ਨੂੰ ਛਪਿਆ ਸੀ। ਜਿਸ ਦਾ ਸੰਪਰਕ ਹੇਠਾ ਦਿੱਤਾ ਗਿਆ ਹੈ (https://calgaryherald.com/opinion/columnists/nagar-canadians-must-learn-more-from-each-other)

## ਖੇਤਾਂ ਦੇ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਲੋੜ

ਐਬਸਫੋਰਡ ਵਿਖੇ ਖੇਤਾਂ ਦੇ ਵਿੱਚ ਕੰਮ ਕਰਨ ਲਈ ਖੇਤੀਬਾੜੀ ਦੇ ਸ਼ੌਕੀਨਾਂ ਲਈ ਵਧੀਆ ਡਾਲਰ ਕਮਾਉਣ ਦਾ ਮੌਕਾ ਹੈ।
ਬੋਲੀ ਦਾ ਕੋਈ ਮਸਲਾ ਨਹੀਂ ਸਾਰੀ ਗੱਲਬਾਤ ਪੰਜਾਬੀ ਵਿੱਚ ਹੀ ਕੀਤੀ ਜਾਂਦੀ ਹੈ। ਕੰਮ ਸਾਰਾ ਸੀਜਨ ਚੱਲੇਗਾ।
ਕੀਤੇ ਹੋਏ ਕੰਮ ਦੀਆਂ ਸਟੈਂਪਾਂ ਵੀ ਦਿੱਤੀਆਂ ਜਾਣਗੀਆਂ। ਰਹਿਣ ਦਾ ਪੂਰਾ ਪਰਬੰਧ ਹੋਵੇਗਾ। ਕੰਮ ਸੁਰੂ ਹੈ ਅੱਜ ਹੀ ਫੋਨ ਕਰੋ।

**ਕਾਲ: 604 308 3513**

# ਪੰਜਾਬ ਦੇ 'ਜ਼ਹਿਰੀਲੇ ਮਾਰੂਥਲ' ਬਣਨ ਦੀ ਦਰਦਨਾਕ ਦਾਸਤਾਨ ....

# ਦਰਦਨਾਕ ਬਣਦੀ ਜਾ ਰਹੀ ਹੈ 'ਅੰਮ੍ਰਿਤ ਰੂਪੀ ਪਾਣੀ ਦੇ ਕਤਲ' ਦੀ ਕਹਾਣੀ



ਮਨਜਿੰਦਰ ਸਿੰਘ ਸਰੌਦ
9463463136

ਦੇਸ਼ ਦੇ ਜਿਸ ਖਿੱਤੇ ਅੰਦਰ ਇਕ ਹਰੇ-ਭਰੇ ਦਰੱਖਤ, ਜਿਸ ਨੇ ਅਨੇਕਾਂ ਮਨੁੱਖੀ ਜੰਿਦਗੀਆਂ ਨੂੰ 'ਮੌਤ ਦੀ ਆਗੋਸ਼' ਵਿੱਚ ਜਾਣ ਤੋਂ ਰੋਕਿਆ ਹੋਵੇ ਤੇ ਇਨਸਾਨਾਂ ਨੂੰ ਆਕਸੀਜਨ ਰੂਪੀ ਜ਼ਿੰਦਗੀ ਬਖ਼ਸ਼ੀ ਹੋਵੇ। ਉੱਥੇ ਹੀ ਉੱਥੋਂ ਦੇ ਬਸ਼ਿੰਦਿਆਂ ਵੱਲੋਂ ਉਸ ਦੀ ਕੀਮਤ ਮਹਿਜ ਸਾਢੇ 16 ਰੁਪਏ ਪਾਈ ਹੋਵੇ ਤੇ ਫਿਰ ਲੱਖਾਂ ਹੀ ਪੁੱਤਾਂ ਵਾਂਗੂ ਪਾਲੇ ਹੋਏ ਉਨ੍ਹਾਂ ਹੀ ਦਰੱਖਤਾਂ ਦਾ ਕਤਲੇਆਮ ਕਰਨ ਦੀ ਖੁੱਲ੍ਹ 'ਪੈਸੇ ਦੇ ਸੁਦਾਗਰਾਂ' ਨੂੰ ਦਿੱਤੀ ਹੋਵੇ। ਉਸ ਧਰਤੀ ਦੇ ਵਾਰਸਾਂ ਨੂੰ ਅਸੀਂ ਕਿਸ ਨਾਮ ਨਾਲ ਪੁਕਾਰੀਏ ਕੁਝ ਵੀ ਸਮਝ ਨਹੀਂ ਪੈਂਦਾ। ਜਿੱਥੇ ਅਸੀਂ ਕਚਨਾਰ ਬਨਸਪਤੀ ਨੂੰ ਉਜਾੜਨ ਦੇ ਦੋਸ਼ੀ ਹਾਂ ਉੱਥੇ ਹੀ ਅੰਮ੍ਰਿਤ ਵਰਗੇ 'ਪਾਣੀ ਦੇ ਕਾਤਲ' ਵੀ ਅਖਵਾਵਾਂਗੇ। ਸੋਚਦਿਆਂ ਹੀ ਰੂਹ ਕੰਬ ਜਾਂਦੀ ਹੈ ਕਿ ਜੇਕਰ ਅਸੀਂ ਲਗਭਗ 40 ਸਾਲਾਂ ਦੇ ਵਕਫੇ ਦੌਰਾਨ ਧਰਤੀ ਹੇਠਲੇ ਘਟ ਰਹੇ ਪਾਣੀ ਦੀ ਰਫਤਾਰ ਨੂੰ ਪ੍ਰਤੀ ਸਾਲ 2 ਫੁੱਟ ਤਕ ਜਾਰੀ ਰੱਖਣ ਤੋਂ ਇਲਾਵਾ ਹਰ ਪਿੰਡ ਤੇ ਸਹਿਰ ਅੰਦਰੋਂ ਤਕਰੀਬਨ 60 ਹਜਾਰ ਲੀਟਰ ਪਾਣੀ ਰੋਜ਼ਾਨਾ ਛੱਪੜਾਂ ਸੁੱਟਣ ਦੀ ਪਿਰਤ ਜਾਰੀ ਰੱਖੀ ਤਾਂ ਸਾਡੀ ਆਉਣ ਵਾਲੀ ਨਸਲ ਦਾ ਭਵਿੱਖ ਕੀ ਹੋਵੇਗਾ ਕਹਿਣ ਦੀ ਲੋੜ ਨਹੀਂ। ਅਸੀਂ ਆਪ ਖ਼ੁਦ ਆਪਣੀ ਜ਼ਰਖੇਜ਼ ਜ਼ਮੀਨ ਅੰਦਰ ਖ਼ਤਰਨਾਕ ਰਸਾਇਣਾਂ ਨੂੰ ਮਿਲਾ ਕੇ ਪੰਜਾਬ ਨੂੰ ਇਕ ਜ਼ਹਿਰੀਲੇ ਮਾਰੂਥਲ ਬਣਨ ਵੱਲ ਤੋਰ ਰਹੇ ਹਾਂ।

ਕਾਫੀ ਸਮਾਂ ਪਹਿਲਾਂ ਹੋਰਨਾ ਭਾਰਤੀ ਸੂਬਿਆਂ ਦੇ ਰੇਲਵੇ ਸਟੇਸ਼ਨਾਂ ਤੇ ਪਾਣੀ ਵੇਚਣ ਵਾਲਿਆਂ ਦੇ ਹੋਕੇ ਉੱਥੋਂ ਦੇ ਧਰਤੀ ਹੇਠਲੇ ਪਾਣੀ ਦੀ ਅਸਲ ਸਥਿਤੀ ਨੂੰ ਬਿਆਨ ਕਰਦੇ ਸਨ ਕਿ ਦੂਰ ਦੁਰਾਡੇ ਰੋਹੀ ਬੀਆਬਾਨ, ਨੁਕੀਲੇ ਤਪਦੇ ਪਹਾੜਾਂ ਤੇ ਰੇਤ ਦੇ ਡਰਾਵਣੇ ਟਿੱਬਿਆਂ ਅੰਦਰ ਜੇਕਰ ਇਨਸਾਨ ਨੂੰ ਪਾਣੀ ਦੀ ਪਿਆਸ ਲੱਗੇ ਤਾਂ ਇੱਕ ਬੂੰਦ ਵੀ ਮਿਲਣੀ ਨਾਮੁਮਕਿਨ ਹੈ। ਕਈ ਵਾਰ ਇਨ੍ਹਾਂ ਹਾਲਤਾਂ ਵਿੱਚ ਬਹੁਤੇ ਇਨਸਾਨ ਇਸ ਸੰਸਾਰ ਤੋਂ ਪਾਣੀ ਨੂੰ ਤਰਸਦੇ ਕੂਚ ਕਰ ਚੁੱਕੇ ਹਨ। ਕਹਿੰਦੇ ਇੱਕ ਵਾਰ ਕੋਈ ਜਿਊਂਦਾ ਜਾਗਦਾ ਇਨਸਾਨ ਰਾਜਸਥਾਨ ਦੇ ਮਾਰੂਥਲ 'ਚ ਰਾਹ ਭਟਕ ਕੇ ਰੇਤ ਦੇ ਟਿੱਬਿਆਂ ਅੰਦਰ ਪਾਣੀ ਖੁਣੋਂ ਸਦਾ ਲਈ ਗੁਆਚ ਗਿਆ ਮੁੜ ਕੇ ਉੱਧਰ ਨੂੰ ਕਿਸੇ ਨੇ ਜਾਣਾ ਤਾਂ ਦੂਰ ਦੀ ਗੱਲ ਝਾਕਣਾ ਵੀ ਮੁਨਾਸਬ ਨਾ ਸਮਝਿਆ। ਜੇਕਰ ਮਈ, ਜੂਨ ਦੇ ਮਹੀਨੇ ਮਹਾਰਾਸਟਰ, ਕਰਨਾਟਕ, ਆਂਧਰਾ ਪ੍ਰਦੇਸ਼, ਬੰਗਾਲ ਤੇ ਤਾਮਿਲਨਾਡੂ ਦੇ ਉਨ੍ਹਾਂ ਹਿੱਸਿਆਂ ਦਾ ਗੇੜਾ ਕੱਢੀਏ ਜਿੱਥੇ ਪਾਣੀ ਨੂੰ ਰੱਬ ਵਾਂਗ ਪੂਜਿਆ ਜਾਂਦੈ ਤਾਂ ਪਾਣੀ ਦੀ ਕਦਰ ਸ਼ਾਇਦ ਸਾਡੀ ਸਮਝ ਵਿੱਚ ਆ ਜਾਵੇ। ਦੇਸ਼ ਦੇ ਕਈ ਹਿੱਸੇ ਅਜਿਹੇ ਵੀ ਨੇ ਜਿੱਥੇ ਪਾਣੀ ਨੂੰ ਲੁੱਟਿਆ ਜਾਂਦੈ ਤੇ ਪਾਣੀ ਖਾਤਰ ਕਿਸੇ ਦੀ ਜਾਨ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ ਜਾ ਰਹੀ।

ਮੱਧ ਪ੍ਰਦੇਸ਼ ਦਾ ਇੱਕ ਹਿੱਸਾ ਅਜਿਹਾ ਵੀ ਹੈ ਜਿੱਥੇ ਸ਼ਹਿਰ ਤੋਂ ਬਹੁਤ ਦੂਰ ਪਿੰਡਾਂ ਅੰਦਰ ਪਾਣੀ ਦੀ ਗੱਡੀ ਆਉਣ ਤੇ ਢੋਲ ਢਮੱਕੇ ਨਾਲ ਉਸਦਾ ਸੁਆਗਤ ਕੀਤਾ ਜਾਂਦਾ ਹੈ ਤੇ ਫਿਰ ਮਾਰਾਮਾਰੀ ਰਾਹੀਂ ਪਾਣੀ ਨੂੰ ਇੱਕ ਦੂਜੇ ਤੋਂ ਖੋਹਿਆ ਜਾਂਦੈ। ਬਹੁਤ ਥਾਈਂ ਇਹ ਵਰਤਾਰਾ ਅੱਜ ਵੀ ਜਾਰੀ। ਇਸ ਦੇ ਮੁਕਾਬਲੇ ਤੇ ਕੁਦਰਤ ਨੇ ਪੰਜਾਬ ਦੀ ਰੰਗਲੀ ਧਰਤੀ ਨੂੰ ਜ਼ਰਖੇਜ਼ ਜ਼ਮੀਨ ਦੇ ਨਾਲ-ਨਾਲ ਅੰਮ੍ਰਿਤ ਵਰਗਾ ਪਾਣੀ ਵੀ ਦਿੱਤਾ। ਪੰਜਾਬ ਦੇ ਤਿੰਨਾਂ ਖਿੱਤਿਆਂ ਮਾਝਾ, ਮਾਲਵਾ ਤੇ ਦੋਆਬਾ ਤੋਂ ਬਾਅਦ ਪੁਆਧ ਦੇ ਹਿੱਸੇ ਅੰਦਰ ਕਈ ਇਲਾਕਿਆਂ ਦਾ ਮਿੱਠਾ ਪਾਣੀ ਜਿਸ ਨੂੰ ਪੀ ਕੇ ਇਨਸਾਨੀ ਜਿਸਮ ਅੰਦਰ 'ਸਰੂਰ' ਦੀਆਂ ਬੁਛਾੜਾਂ ਖਿੜ ਜਾਂਦੀਆਂ ਸਨ ਤੇ ਪਾਣੀ ਦੇ ਚਸ਼ਮਿਆਂ ਵਿਚੋਂ ਅੰਮ੍ਰਿਤ ਦੀ ਵਰਖਾ ਹੋਇਆ ਕਰਦੀ ਸੀ। ਚਿੱਟੀ ਕਪਾਹ ਦੀਆਂ ਫੁੱਟੀਆਂ ਵਰਗਾ ਪਾਣੀ ਮਨੁੱਖ ਨੂੰ ਕੁਦਰਤ ਦਾ ਕਦਰਵਾਨ ਹੋਣ ਦੀਆਂ ਦੁਹਾਈਆਂ ਪਾਉਂਦਾ ਜਾਪਦਾ ਸੀ। ਪਾਣੀ ਨੂੰ ਪਵਿੱਤਰ ਮੰਨ ਕੇ ਇਨਸਾਨ ਉਸ ਦੀ ਝੂਠੀ ਸਹੁੰ ਖਾਣ ਤੋਂ ਵੀ ਖੌਫ ਮੰਨਦਾ ਸੀ। ਸ਼ਾਇਦ ਉਸ ਸਮੇਂ ਸਾਨੂੰ ਅੱਜ ਜਿੰਨਾ ਗਿਆਨ ਹੀ ਨਹੀਂ ਸੀ ਇਸੇ ਲਈ ਅਸੀਂ ਪਾਣੀ ਦੇ ਕਦਰਦਾਨ ਸੀ।



ਅਫ਼ਸੋਸ ਹੁਣ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੇ ਰੇਲਵੇ ਸਟੇਸ਼ਨ ਤੇ ਹੋਰ ਥਾਂਵਾਂ ਉੱਤੇ ਵੀ ਪਾਣੀ ਨੂੰ ਖਰੀਦਣ ਦੇ ਲਈ ਕਤਾਰਾਂ ਲੱਗਦੀਆਂ ਹਨ ਤੇ ਉੱਚੀ ਆਵਾਜ਼ ਵਿੱਚ ਲੱਗ ਰਹੇ ਹੋਕੇ ਇੱਥੋਂ ਦੀ ਆਉਣ ਵਾਲੀ 'ਦਰਦ ਕਹਾਣੀ' ਨੂੰ ਸ਼ਰ੍ਹੇਆਮ ਬਿਆਨਦੇ ਹਨ। ਕੋਈ ਸਮਝੇ ਜਾਂ ਨਾ, ਕਿਸੇ ਨੂੰ ਕੋਈ ਫਰਕ ਨਹੀਂ ਪਰ ਹਾਲਾਤ ਜਿਸ 'ਭਿਆਨਕ ਹੋਣੀ' ਵੱਲ ਇਸ਼ਾਰਾ ਕਰਦੇ ਹਨ ਉਹ ਕਿਸੇ ਤੋਂ ਲੁਕੀ ਵੀ ਨਹੀਂ ਹੈ। ਧਰਤੀ ਦਾ ਜਿਸਮ ਪਾੜ ਕੇ 450 ਫੁੱਟ ਤੱਕ ਕੀਤੇ ਸਬਮਰਸੀਬਲਾਂ ਦੇ ਬੋਰਾਂ ਅੰਦਰੋਂ ਹੁਣ ਉਹ ਮਹਿਕ ਨਹੀਂ ਆਉਂਦੀ ਜੋ ਕਈ ਵਰ੍ਹੇ ਪਹਿਲਾਂ ਇਕ ਕਿਸਾਨ ਵੱਲੋਂ ਗਰੀਬੀ ਨਾਲ ਜੂਝਦਿਆਂ 70 ਫੁੱਟ ਤੱਕ ਕੀਤੇ ਬੋਰ ਵਿਚੋਂ ਆਉਂਦੀ ਸੀ। ਪੰਜਾਬ ਦੇ ਬਹੁਤ ਸਾਰੇ ਇਲਾਕੇ ਇਸ ਸਮੇਂ ਖਤਰੇ ਦੇ ਜੋਨ ਵਿੱਚ ਪ੍ਰਵੇਸ਼ ਕਰ ਚੁੱਕੇ ਹਨ ਕਈ ਹਲਕਿਆਂ ਅੰਦਰ ਧਰਤੀ ਹੇਠਲੇ ਪਾਣੀ ਦੀ ਸੱਤਾ ਦਾ ਲੇਬਲ 165 ਫੁੱਟ ਤਕ ਜਾ ਪਹੁੰਚਿਆ ਹੈ। ਉਸ ਵਿੱਚੋਂ ਵੀ ਸੜੇਹਾਂਦ ਮਾਰਦੀ ਬਦਬੂ ਤੇ ਜਿਲਬ ਦੀ ਪਕੜ ਸਾਫ਼ ਵਿਖਾਈ ਦਿੰਦੀ ਹੈ ਕਿ ਕਿੰਝ ਅਸੀਂ ਬੇਰਹਿਮੀ ਨਾਲ ਕੰਕਰੀਟ ਦੇ ਜੰਗਲ ਉਸਾਰਦਿਆਂ-ਉਸਾਰਦਿਆਂ 'ਅੰਮ੍ਰਿਤ ਦਾ ਕਤਲ' ਕਰ ਦਿੱਤਾ, ਜਿਸ ਦਾ ਦੋਸ਼ੀ ਕੋਈ ਹੋਰ ਨਹੀਂ ਸਗੋਂ ਅਸੀਂ ਆਪ ਹਾਂ।

ਸਾਨੂੰ ਤਾਂ ਕੁਦਰਤ ਨੇ ਪੰਜ ਪਾਣੀਆਂ ਦੇ ਮਾਲਕ ਬਣਾ ਦਿੱਤਾ ਸੀ ਪਰ ਅਸੀਂ ਇਕ ਦੇ ਵੀ ਨਾ ਰਹੇ। 1970 ਤੋਂ ਹਰੇ ਇਨਕਲਾਬ ਦੀ ਸੁਰੂਆਤ। ਫੈਕਟਰੀਆਂ ਅੰਦਰੋਂ ਨਿਕਲ ਰਹੇ ਜ਼ਹਿਰੀਲੇ ਇਨਸਾਨੀ ਜੰਿਦਗੀਆਂ ਨੂੰ ਮੌਤ ਦੇ ਦਰਵਾਜ਼ੇ ਤੱਕ ਲੈ ਕੇ ਜਾਣ ਵਾਲੇ ਜ਼ਹਿਰੀਲੇ ਰਸਾਇਣ, ਅੰਨ੍ਹੇਵਾਹ ਬੇਰਹਿਮੀ ਨਾਲ ਪੁੱਤਾਂ ਵਾਂਗੂ ਪਾਲੇ ਦਰੱਖਤਾਂ ਦੀ ਕਟਾਈ ਜਾਂ ਸਾਡੀ ਮੂਰਖਤਾ ਦੀ ਸਿਖਰ, ਦੋਸ਼ੀ ਕਿਸ ਨੂੰ ਮੰਨੀਏ ਫੈਸਲਾ ਅਸੀਂ ਆਪ ਕਰਨਾ ਹੈ। ਕਿੰਨੇ ਖ਼ੁਦਗਰਜ਼ ਤੇ ਜ਼ਾਲਮ ਹੋ ਚੁੱਕੇ ਹਾਂ ਅਸੀਂ ਧਰਤੀ ਦੀ ਹਿੱਕ ਪਾੜ ਕੇ ਉਸ ਵਿਚ ਯੂਰੀਏ ਵਰਗੀ ਰਸਾਇਣ ਨੂੰ ਮਿਲਾ ਕੇ ਪਤਾ ਨੀ ਕੀ ਸਿੱਧ ਕਰਨਾ ਚਾਹੁੰਦੇ ਹਾਂ। ਫੈਕਟਰੀਆਂ ਅੰਦਰ ਮਨੁੱਖੀ ਜੰਿਦਗੀਆਂ ਨੂੰ ਤਬਾਹ ਕਰਨ ਵਾਲੇ ਰਸਾਇਣਾਂ ਦੇ 10 ਇੰਚੀ ਪਾਇਪ ਧਰਤੀ ਦੀ ਹਿੱਕ ਵਿੱਚ ਸੁੱਟ ਕੇ ਉਸ ਨੂੰ 'ਅੱਗ ਦੇ ਭਾਂਬੜ ਬਣਨ ਲਈ ਮਜਬੂਰ' ਕਰਨ ਦੀ ਕਹਾਣੀ ਕਿਸੇ ਦੀ ਸਮਾਜ ਵਿੱਚ ਕਿਉਂ ਨਹੀਂ ਆ ਰਹੀ। ਆਖਰ 'ਪੈਸੇ ਰੂਪੀ ਗਲਫਤ' ਦੀ ਚਾਦਰ ਸਾਡੀਆਂ ਅੱਖਾਂ ਦੇ ਸਾਹਮਣਿਓਂ ਕਦ ਹਟੇਗੀ। ਪੰਜਾਬੀਓ ਹੁਣ ਖੈਰ ਬਹੁਤਾ ਸਮਾਂ ਨਹੀਂ ਲੱਗਣਾ, ਪਾਣੀ ਦੇ ਖ਼ਤਮ ਹੋਣ ਦੀ ਕਹਾਣੀ ਨੇੜੇ ਆ ਪਹੁੰਚੀ ਹੈ। ਛੇਤੀ ਹੀ ਪੰਜਾਬ ਜ਼ਹਿਰੀਲਾ ਮਾਰੂਥਲ ਬਣਨ ਵੱਲ ਵਧ ਰਿਹਾ ਹੈ। ਏਅਰਪੋਰਟ, ਰੇਲਵੇ ਸਟੇਸ਼ਨ, ਬੱਸ ਸਟੈਂਡ, ਬਾਜ਼ਾਰਾਂ ਤੇ ਦੁਕਾਨਾਂ ਅੰਦਰ 'ਪੰਜਾਂ ਪਾਣੀਆਂ ਦੇ ਮਾਲਕਾਂ' ਨੂੰ ਬੋਤਲਾਂ ਵਿੱਚ ਭਰੇ ਪਾਣੀ ਦੀ ਖਰੀਦ ਕਰਦਿਆਂ ਆਮ ਵੇਖਿਆ ਜਾ ਸਕਦਾ ਹੈ। ਜੇ ਅਸੀਂ ਸੱਚੇ ਮਨੋਂ ਅੰਮ੍ਰਿਤ ਰੂਪੀ ਪਾਣੀ ਦੀ ਕਦਰ ਕਰਨਾ ਚਾਹੁੰਦੇ ਹਾਂ ਤਾਂ ਕਿਸੇ ਵੀ ਰੂਪ ਵਿੱਚ ਪਾਣੀ ਦੀ ਹੋ ਰਹੀ ਦੁਰਵਰਤੋਂ ਨੂੰ ਰੋਕ ਕੇ ਆਪਣਾ ਫਰਜ ਜ਼ਰੂਰ ਨਿਭਾਓ। ਜੇਕਰ ਫਿਰ ਵੀ ਸਾਡੀ ਸਮਝ ਵਿੱਚ ਕੁਝ ਨਾ ਆਵੇ ਤਾਂ ਰਾਜਸਥਾਨ ਦੇ ਉਸ 'ਬੰਦੇ ਖਾਣੇ' ਭਿਆਨਕ ਮਾਰੂਥਲ ਨੂੰ ਇੱਕ ਵਾਰ ਯਾਦ ਜ਼ਰੂਰ ਕਰੋ ਤਾਂ ਸਾਨੂੰ ਆਪਣੇ ਆਪ ਪਾਣੀ ਦੀ ਕਦਰ ਪਤਾ ਲੱਗ ਜਾਵੇਗੀ।

ਸ਼੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ
ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਦਸਤਾਰ ਮੁਕਾਬਲੇ ਅਤੇ ਗੁਰਬਾਣੀ ਕੰਠ ਮੁਕਾਬਲੇ
ਮਿਤੀ 25 ਜੁਲਾਈ 2021 ਦਿਨ ਐਤਵਾਰ ਸਮਾਂ- ਸਵੇਰੇ 9 ਤੋਂ 11 ਵਜੇ
ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਟਰਾਫੀਆਂ ਅਤੇ ਨਗਦ ਇਨਾਮ ਦਿੱਤੇ ਜਾਣਗੇ।
- ਦਸਤਾਰ ਮੁਕਾਬਲੇ ਵਾਲੇ ਵਿਦਿਆਰਥੀ ਆਪਣਾ ਸ਼ੀਸ਼ਾ ਬਾਜ਼ ਨਾਲ ਲੈਕੇ ਆਉਣ।
- ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।
- ਤੀਸਰੀ ਜਮਾਤ ਤੋਂ ਬਾਰ੍ਹਵੀਂ ਜਮਾਤ ਤੱਕ ਵਿਦਿਆਰਥੀਆਂ ਦੇ ਗਰੁੱਪ ਬਣਾਏ ਜਾਣਗੇ।
- ਬਾਕੀ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ।

| ਦਸਤਾਰ ਮੁਕਾਬਲੇ ਦੇ ਇਨਾਮ ਕੱਪ ਤੇ ਨਗਦ ਇਨਾਮ | ਕਲਾਸ 10 ਤੋਂ 12 | ਕਲਾਸ 7 ਤੋਂ 9 | ਕਲਾਸ 3 ਤੋਂ 6 |
|---|---|---|---|
| 1. | 2100 | 1200 | 800 |
| 2. | 1500 | 800 | 500 |
| 3. | 1100 | 600 | 300 |

| ਗੁਰਬਾਣੀ ਕੰਠ ਮੁਕਾਬਲੇ ਦੇ ਕੱਪ ਤੇ ਨਗਦ ਇਨਾਮ | ਕਲਾਸ 10 ਤੋਂ 12 | ਕਲਾਸ 7 ਤੋਂ 9 | ਕਲਾਸ 3 ਤੋਂ 6 |
|---|---|---|---|
| 1. | 2500 | 1500 | 800 |
| 2. | 1700 | 1000 | 500 |
| 3. | 1100 | 700 | 300 |

ਗੁਰੂ ਕਾ ਲੰਗਰ ਅਤੁੱਟ ਵਰਤੇਗਾ ਪਿੰਡ ਭੈਣੀ ਬੜਿੰਗਾਂ (ਰਾਏਕੋਟ) ਲੁਧਿਆਣਾ ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਵੱਲੋ: ਪਾਲ ਸੇਖੋਂ ਕੈਲਗਿਰੀ ਤੇ ਐਨ.ਆਰ.ਆਈ ਵੀਰ, ਗੁ:ਪ੍ਰਬੰਧਕ ਕਮੇਟੀ ਸ਼ਹੀਦ ਭਗਤ ਸਿੰਘ ਵੈਲਫੇਅਰ ਕਲੱਬ, ਨਗਰ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਿੰਡ ਭੈਣੀ ਬੜਿੰਗਾਂ, ਲੁਧਿਆਣਾ।
ਰੁਪਿੰਦਰ ਸਿੰਘ 98556-27927, ਜਸਵਿੰਦਰ ਸਿੰਘ ਲਾਡੀ 98153-74847, ਅਜਮੇਰ ਸਿੰਘ ਗਿੱਲ 99881-35989

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs

StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only

4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
- Airline Tickets • ਏਅਰਲਾਈਨਜ਼ ਟਿਕਟ
- Tour Packages • ਟੂਰ ਪੈਕੇਜ਼
- Cruises • ਕਰੂਜਜ
- Travel Insurance • ਟਰੈਵਲ ਇੰਸ਼ੋਰੈਂਸ
- Super Visa Medical Insurance (Monthly Payment Plans) • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ

ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

BLUE ARTISAN
ACRYLIC STUCCO - EIFS SYSTEM
BRICK WORK - ALL EXTERIOR TREATMENTS
ਅਕਰੈਲਿਕ ਸਟੱਕੋ, ਐਫਿਸ ਸਿਸਟਮ, ਬਰਿੱਕ ਵਰਕ, ਅਤੇ ਘਰਾਂ ਦੀ ਬਾਹਰਲੇ ਹਿੱਸੇ ਨੂੰ ਆਲੋਕਾਰੀ ਦਿੱਖ ਦੇਣ ਲਈ ਸਾਡੀ ਮਾਹਿਰ ਟੀਮ ਤੁਹਾਡੀ ਸੇਵਾ ਵਿੱਚ ਹਾਜਿਰ ਹੈ।
PARDUMAN RAEWAL
Founder & Master Artisan
Direct: 403.616.1825
Email: pamma@blueartisan.ca
Website: www.blueartisan.ca

CHANDIGARH DRIVING SCHOOL
Don't Learn Safety by Accident
- Class 1, 3 & 5
- Brush up 1, 3 & 5
- Certification Courses
- Air Brake (Q endorsement)
- Advance Training Course
- Car & Tractor Trailor for Road Test
RAVINDER SINGH SOHI
Alberta Certified Class 1,3,5 (Driving Instructor)
We Can Speak English, German, Punjabi, Hindi & Urdu
We have 24 years Experience
STOP

Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.


ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ!

# ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਮਿੱਤਰ "ਨਵਾਬ ਸੈਫ ਖਾਨ ਉਰਫ ਸੈਫੂਦੀਨ ਅਹਿਮਦ ਫਕੀਰੁੱਲਾ"



ਅਲੀ ਰਾਜਪੁਰਾ
"ਸਟੇਟ ਐਵਾਰਡੀ"
94176 79302

ਨਵਾਬ ਸੈਫੂਦੀਨ ਅਹਿਮਦ ਫਕੀਰਰੁੱਲਾ ਮੁਗਲਾਂ ਦੇ ਸਮੇਂ ਦਾ ਇਕ ਪ੍ਰਮੁੱਖ ਸਰਦਾਰ ਤੇ ਸ਼ਾਹਜਹਾਂ ਦਾ ਸਾਂਢੂ ਸੀ। ਉਸ ਦੇ ਵੱਡੇ ਭਾਈ ਨਵਾਬ ਫਿਦਾਈ ਖਾਂ ਅਤੇ ਮੁਗਲ ਬਾਦਸ਼ਾਹ ਔਰੰਗਜੇਬ ਨੂੰ ਇੱਕੋ ਦਾਈ ਨੇ ਪਾਲਿਆ ਸੀ। ਫਖ਼ਰੂਦੀਨ ਅਹਿਮਦ ਬਖਸ਼ੀ ਜਹਾਂਗੀਰ ਦੇ ਸਮੇਂ ਤੁਰਕਿਸਤਾਨ ਤੋਂ ਭਾਰਤ ਆਇਆ। ਜਦ ਸ਼ਾਹਜਹਾਂ ਬਾਦਸ਼ਾਹ ਬਣਿਆ ਤਾਂ ਉਸ ਨੇ ਉਸ ਨੂੰ ਤਰਬੀਅਤ ਖਾਂ ਦਾ ਖਿਤਾਬ ਦਿੱਤਾ। ਸ਼ਾਹਜਹਾਂ ਦੇ ਰਾਜਕਾਲ ਦੇ ਅੰਤਲੇ ਦਿਨਾਂ ਵਿਚ ਸੈਫੂਦੀਨ ਨੂੰ ਸੱਤ ਸੌ ਦਾ ਮਨਸੂਬੇਦਾਰ ਬਣਾਇਆ ਗਿਆ ਅਤੇ ਸੌ ਘੋੜ ਸਵਾਰ ਉਸ ਦੇ ਮੁਤਹਿਤ ਕੀਤੇ ਗਏ। ਜਦੋਂ ਸ਼ਾਹਜਹਾਂ ਦੇ ਪੁੱਤਰਾਂ ਵਿਚਾਲੇ ਤਖਤ ਨਸ਼ੀਨੀ ਨੂੰ ਲੈ ਕੇ ਜੰਗ ਆਰੰਭ ਹੋਈ ਤਾਂ ਸੈਫੂਦੀਨ ਨੂੰ ਰਾਜਾ ਜਸਵੰਤ ਸਿੰਘ ਨਾਲ ਮਾਲਵੇ ਵਿਚ ਔਰੰਗਜੇਬ ਦਾ ਮੁਕਾਬਲਾ ਕਰਨ ਲਈ ਭੇਜ ਦਿੱਤਾ। ਰਾਜਾ ਜਸਵੰਤ ਸਿੰਘ ਦੇ ਲਸ਼ਕਰ ਦੇ ਪੈਰ ਥਿੜਕਦੇ ਦੇਖ ਕੇ ਸੈਫ ਖਾਨ ਔਰੰਗਜੇਬ ਨਾਲ ਰਲ ਗਿਆ। ਉਸ ਨੂੰ ਔਰੰਗਜੇਬ ਨੇ ਤੁਰੰਤ ਪੰਦਰਾਂ ਸੌ ਦਾ ਮਨਸੂਬੇਦਾਰ ਬਣਾ ਦਿੱਤਾ ਅਤੇ ਉਸ ਨੂੰ ਸੈਫ ਖਾਨ ਦੀ ਉਪਾਧੀ ਬਖਸ਼ੀ। ਇਹ ਸੈਫੂਦੀਨ ਦੀ ਚਾਲ ਸੀ। ਉਹ ਸੱਚੇ ਦਿਲੋਂ ਔਰੰਗਜੇਬ ਦੇ ਨਾਲ ਨਹੀਂ ਸੀ।

ਔਰੰਗਜੇਬ ਨੇ ਇਸ ਨੂੰ ਗੁਜਾਰੇ ਲਈ 12 ਪਿੰਡਾਂ ਦਾ ਖ਼ੁਸ਼ਕ ਜਿਹਾ ਇਲਾਕਾ ਦੇ ਦਿੱਤਾ ਸੀ। ਉਸ ਨੇ ਇਸ ਇਲਾਕੇ ਵਿਚ ਪਟਿਆਲੇ ਤੋਂ ਲਗਭਗ 8 ਕਿਲੋਮੀਟਰ ਦੂਰ ਪਟਿਆਲਾ-ਰਾਜਪੁਰਾ ਸੜਕ ਉੱਤੇ ਆਪਣੇ ਨਾਮ ਉੱਤੇ ਸੈਫਾਬਾਦ ( ਕਿਲ੍ਹਾ ਬਹਾਦਰ ਗੜ੍ਹ) ਨਾਮੀ ਇਕ ਨਗਰ ਆਬਾਦ ਕੀਤਾ ਅਤੇ ਇਕ ਕਿਲ੍ਹਾ ਬਣਾਇਆ। ਉਹ ਸਤਸੰਗੀ ਅਤੇ ਧਾਰਮਿਕ ਬਿਰਤੀ ਵਾਲਾ ਹੋਣ ਦੇ ਨਾਲ ਇਕ ਸਿਆਣਾ ਰਾਜਨੀਤਕ ਵੀ ਸੀ। ਇਸ ਦੀ ਮਿਹਨਤ ਨਾਲ ਇਲਾਕੇ ਵਿਚ ਬਹਾਰਾਂ ਲੱਗ ਗਈਆਂ। ਪੀਰ ਭੀਖਣ ਸ਼ਾਹ ਦੇ ਸੰਪਰਕ ਵਿਚ ਆਉਣ ਨਾਲ ਇਨ੍ਹਾਂ ਦੀ ਇੱਕੋ ਜਮਾਤ ਹੀ ਬਣ ਗਈ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਦੋਂ ਅਨੰਦਪੁਰ ਸਾਹਿਬ ਤੋਂ ਆਪਣੇ ਸ਼ਰਧਾਲੂਆਂ ਦੇ ਜਥੇ ਨਾਲ ਧਰਮ ਪ੍ਰਚਾਰ ਕਰਦੇ ਹੋਏ ਕੀਰਤਪੁਰ, ਘਨੌਲੀ, ਰੋਪੜ, ਅਨੰਦਪੁਰ, ਕਨੌਂਜ, ਉਗਾਣਾਂ, ਸਰਾਏ ਨੌ ਲੱਖਾ, ਲਹਿਲਪੁਰਾ ਪੁੱਜੇ ਤਾਂ ਮੂੱਸਾ ਰੌਪੜੀ ਨੇ ਸੈਫ ਖਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਮਹਿਮਾ ਸੁਣਾਈ ਅਤੇ ਜਦੋਂ ਸੈਫ ਖਾਨ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਜਣ ਬਾਰੇ ਸੁਣਿਆ ਤਾਂ ਉਹ ਬੇਅੰਤ ਖੁਸ਼ ਹੋਇਆ ਅਤੇ ਗੁਰੂ ਸਾਹਿਬ ਜੀ ਨੂੰ ਆਪਣੇ ਬਾਗ ਵਿੱਚ ਲੈ ਗਿਆ। ਉਸ ਨੇ ਮੇਵਿਆਂ ਦੀਆਂ ਡਾਲੀਆਂ ਤੇ ਹੋਰ ਖਾਣ-ਪੀਣ ਦੀਆਂ ਵਸਤਾਂ ਮੰਗਵਾਈਆਂ ਅਤੇ ਬਾਗ ਵਿਚ ਗੁਰੂ ਜੀ ਅੱਗੇ ਪੇਸ਼ ਕੀਤੀਆਂ ਅਤੇ ਕਿਹਾ ਸੀ ਕਿ, " ਗੁਰੂ ਜੀ ਅੱਜ ਮੇਰਾ ਜੀਵਨ ਸਫਲ ਹੋਇਆ ਹੈ "। ਸੈਫ ਖਾਨ ਦੇ ਬਾਗ ਵਿਚ ਗੁਰੂ ਜੀ ਨੇ ਠਹਿਰ ਕੀਤੀ। ਜਿੱਥੇ ਗੁਰੂ ਸਾਹਿਬ ਜੀ ਬਿਰਾਜਮਾਨ ਹੋਏ ਸਨ ਉਹ ਚੌਂਤਰਾ ਅੱਜ ਵੀ ਸਾਂਭਿਆ ਹੋਇਆ ਹੈ। ਜਿਸ ਬਾਰੇ ਲਿਖਿਆ ਮਿਲਦਾ ਹੈ ਕਿ ਇਹ ਬਾਗ ਸੁੰਦਰ ਸਥਾਨ ਸੀ। ਸੈਫ ਖਾਨ ਇਕ ਨੇਕ ਇਨਸਾਨ, ਦਿਲ ਦਾ ਸਾਫ ਸੀ। ਉਹ ਅਕਸਰ ਕਿਹਾ ਕਰਦਾ ਸੀ ਕਿ " ਚਰਚਾ ਵਿਚ ਖਿਝਣਾ ਅਤੇ ਦੂਜਿਆਂ ਨੂੰ ਚੋਟਾਂ ਨਹੀਂ ਮਾਰਨੀਆਂ ਚਾਹੀਦੀਆਂ। ਤੁਸੀਂ ਜੇ ਕਰ ਚਾਹੁੰਦੇ ਹੋ ਕਿ ਅਗਲਾ ਠੀਕ ਰਹੇ ਤਾਂ ਉਸ ਦੀ ਗੱਲ ਮੰਨਦੇ ਰਹੋ। ਕੋਸ਼ਿਸ਼ ਜ਼ਰੂਰ ਕਰੋ ਸਮਝਾਉਣ ਦੀ ਜੇ ਕਰ ਉਹ ਫੇਰ ਵੀ ਨਾ ਮੰਨੇ ਤਾਂ ਸਮਝੋ ਉਹ ਜੋ ਕੁਝ ਵੀ ਕਹਿ ਰਿਹਾ ਹੈ ਉਹ ਠੀਕ ਹੀ ਹੈ। " ਗੁਰੂ ਜੀ ਨੂੰ ਸੈਫ ਖਾਨ ਬਾਗ ਵਿਚ ਲਿਜਾ ਕੇ ਕਹਿਣ ਲੱਗਾ, " ਕਿ ਮੇਰਾ ਜੀਵਨ ਅੱਜ ਸਫਲ ਹੋ ਗਿਆ ਹੈ।" ਉਸ ਨੇ ਗੁਰੂ ਸਾਹਿਬ ਜੀ ਨੂੰ ਇੰਨਾ ਸਤਿਕਾਰ ਦਿੱਤਾ ਕਿ ਗੁਰੂ ਜੀ ਨੂੰ ਘੋੜੇ ਤੋਂ ਥੱਲੇ ਪੈਰ ਨਾ ਲਾਉਣ ਦਿੱਤਾ। ਸਗੋਂ ਆਪ ਘੋੜੇ ਦੀ ਰਕਾਬ ਫੜ ਕੇ ਪੈਦਲ ਤੁਰਿਆ। ਗੁਰੂ ਜੀ ਸੈਫੂ ਖਾਨ ਦੇ ਘਰ ਚਾਰ ਵਾਰ ਆਏ ਸਨ। ਗੁਰੂ ਜੀ ਨੇ ਜਦੋਂ ਸ਼ਹਾਦਤ ਦੇਣ ਲਈ ਦਿੱਲੀ ਵੱਲ ਜਾਂਦੇ ਹੋਏ ਸੈਫੂਦੀਨ ਦੇ ਘਰ ਠਾਹਰ ਕੀਤੀ ਤਾਂ ਇਹ ਖਬਰ ਮੁਗਲਾਂ ਨੂੰ ਮਿਲੀ ਤੇ ਮੁਗਲ ਫੌਜਾਂ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਲਈ ਸੈਫੂਦੀਨ ਦੇ ਘਰ ਪਹੁੰਚੀਆਂ ਤਾਂ ਸੈਫੂਦੀਨ ਨੇ ਇਹ ਕਹਿ ਕੇ ਗੁਰੂ ਜੀ, ਨਾਲ ਵਫਾ ਨਿਭਾਈ " ਕਿ ਗੁਰੂ ਜੀ ਤਾਂ ਦਿੱਲੀ ਵੱਲ ਨੂੰ ਨਿਕਲ ਤੁਰੇ ਹਨ.।" ਸੈਫੂਦੀਨ ਨਹੀਂ ਚਾਹੁੰਦਾ ਸੀ ਕਿ ਗੁਰੂ ਜੀ ਉਸ ਦੇ ਘਰੋਂ ਗ੍ਰਿਫਤਾਰ ਹੋਣ। ਗੁਰੂ ਜੀ ਤੇ ਸੈਫੂਦੀਨ ਦੀ ਗੁਰੂ ਜੀ ਨਾਲ ਇੰਨੀ ਗੂੜ੍ਹੀ ਮਿੱਤਰਤਾ ਸੀ ਕਿ ਗੁਰੂ ਜੀ ਜਦੋਂ ਪੂਰਵ ਦਿਸ਼ਾ ਵੱਲ ਨੂੰ ਨਿਕਲੇ ਤਾਂ ਸੈਫੂਦੀਨ ਨੂੰ ਯਾਦ ਕਰਦੇ ਰਹਿੰਦੇ ਸਨ। ਜੇ ਕੋਈ ਚੰਗੀ ਵਸਤੂ ਸੁਗਾਤ ਮਿਲਦੀ ਤਾਂ ਸਿੱਖ ਹੱਥ ਉਹ ਆਪਣੇ ਪਿਆਰੇ ਪਾਸ ਭੇਜ ਕੇ ਗੁਰੂ ਜੀ ਸੈਫੂਦੀਨ ਜੀ ਦਾ ਮਾਣ ਕਰਦੇ।

ਭਾਇ ਦਇਆਲ ਦਾਸ, ਭਾਈ ਰਾਮ ਰਾਇ ਅਤੇ ਹੋਰ ਸਿੱਖਾਂ ਦੇ ਨਾਮ ਸੰਦੇਸ਼ ਵਿਚ ਵਿਸ਼ੇਸ਼ ਜਕਿਰ ਮਿਲਦਾ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਸੈਫੂਦੀਨ ਸ਼ਾਸਤਰੀ ਸੰਗੀਤ ਦੇ ਗਿਆਨੀ ਵੀ ਸਨ। ਇਕ ਫਕੀਰ ਹੋਣ ਦੇ ਨਾਲ-ਨਾਲ ਗਵਾਲੀਅਰ ਦੇ ਰਾਜਾ ਮਾਨ ਸਿੰਘ ( 1486-1517 ) ਦੇ ਰਚਿਤ ਹਿੰਦੀ ਗ੍ਰੰਥ " ਮਾਨਕ ਤੁਹਲ " ਦਾ ਫਾਰਸੀ ਅਨੁਵਾਦ ਵੀ ਸੈਫੂਦੀਨ ਨੇ ਹੀ ਕੀਤਾ ਸੀ। 26 ਅਗਸਤ,1684 ਈ. ਸੈਫੂਦੀਨ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਤੁਰ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਖਬਰ ਸੁਣ ਕੇ ਉਸ ਨੇ ਸਵਾ ਮਹੀਨਾ, ਕਾਲੇ ਕੱਪੜਿਆਂ ਦਾ ਮਾਤਮੀ ਲਿਬਾਸ ਪਾ ਰੱਖਿਆ ਸੀ। ਇਨ੍ਹਾਂ ਦੀ ਯਾਦ ਵਿਚ ਰੋਜਾ ਸ਼ਰੀਫ ਨਵਾਬ ਬਾਬਾ ਸੈਫੂਦੀਨ ਬਣਿਆ ਹੋਇਆ ਹੈ ਅਤੇ ਅੱਜ ਇਸ ਜਗ੍ਹਾ 'ਤੇ ਗੁਰਦੁਆਰਾ ਬਹਾਦਰ ਗੜ੍ਹ ਵੀ ਬਣਿਆ ਹੋਇਆ ਹੈ। ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਵੱਲੋਂ 1883 ਈ. ਵਿਚ ਬਾਬਾ ਜੀ ਦੀ ਮਜਾਰ ਨੂੰ 300 ਵਿਘੇ ਜਮੀਨ ਦਾਨ ਵਜੋਂ ਭੇਂਟ ਕੀਤੀ ਸੀ। ਅੱਜਕਲ੍ਹ ਇਸ ਜਗ੍ਹਾ ਉੱਤੇ 36ਵੀਂ ਬਟਾਲੀਅਨ ਪੰਜਾਬ ਆਰਮਡ ਪੁਲਸ ਦਾ ਹੈਡਕੁਆਰਟਰ ਬਣਿਆ ਹੋਇਆ ਹੈ।



ਜਿਸ ਥੜੇ 'ਤੇ ਗੁਰੂ ਤੇਗ ਬਹਾਦਰ ਸਾਹਿਬ ਬਿਰਾਜਮਾਨ ਹੋਏ ਸਨ



ਸੈਫੂਦੀਨ ਜੀ ਦੀ ਮਸਜਿਦ ਨਜਰ ਆ ਰਹੇ ਸ ਅਵਤਾਰ ਸਿੰਘ ਸੇਰਗਿਲ , ਗਗਨਦੀਪ ਸਿੰਘ ਕਾਲੇਕਾ ਅਤੇ ਲੇਖਕ (ਅਲੀ ਰਾਜਪੁਰਾ )

# ਗੁਰਨਾਮ ਭੁੱਲਰ, ਜੱਸੀ ਗਿੱਲ ਤੇ ਬੀਨੂੰ ਢਿੱਲੋਂ ਦੀ ਤਿੱਕੜੀ 'ਫੁੱਫੜ ਜੀ'



ਸੁਰਜੀਤ ਜੱਸਲ
9814607737

ਕਰੋਨਾ ਮਹਾਂਮਾਰੀ ਦੇ ਦੌਰ ਨੇ ਹਰ ਵਰਗ ਨੂੰ ਆਰਥਿਕ ਤੇ ਸਮਾਜਿਕ ਪੱਖੋਂ ਝੰਜੋੜਿਆ ਹੈ। ਲਾਕ ਡਾਊਨ ਤੋਂ ਬਾਅਦ ਪੰਜਾਬੀ ਸਿਨਮਾ ਮੁੜ ਪਰਵਾਜ਼ ਭਰਨ ਦੀ ਤਿਆਰੀ ਵਿੱਚ ਹੈ। ਇਸ ਦੌਰ 'ਚ ਮੁੜ ਸਰਗਰਮ ਹੁੰਦਿਆਂ ਕਈ ਵੱਡੇ ਬੈਨਰ ਦੀਆਂ ਫ਼ਿਲਮਾਂ ਦਾ ਕੰਮ ਸ਼ੁਰੂ ਹੋਇਆ ਹੈ। ਜੀ ਸਟੂਡੀਓਜ਼ ਅਤੇ ਕੇ ਕੁਮਾਰ ਸਟੂਡੀਓ ਦੀ ਪੇਸ਼ਕਸ਼ ਪੰਜਾਬੀ ਫ਼ਿਲਮ ' ਫੁੱਫੜ ਜੀ' ਦੀ ਸ਼ੂਟਿੰਗ ਇੰਨ੍ਹੀ ਦਿਨੀਂ ਜੋਰਾਂ ਸ਼ੋਰਾਂ 'ਤੇ ਚੱਲ ਰਹੀ ਹੈ। ਜਿਕਰਯੋਗ ਹੈ ਕਿ ਗੁਰਨਾਮ ਭੁੱਲਰ ਤੇ ਬੀਨੂੰ ਢਿੱਲੋਂ ਦੀ ਇਸ ਫ਼ਿਲਮ ਵਿੱਚ ਹੁਣ ਪੰਜਾਬੀ ਤੇ ਹਿੰਦੀ ਸਿਨਮੇ 'ਚ ਵੱਡੀ ਪਛਾਣ ਰੱਖਣ ਵਾਲਾ ਜੱਸੀ ਗਿੱਲ ਵੀ ਸ਼ਾਮਿਲ ਹੋ ਗਿਆ ਹੈ। ਅਦਾਕਾਰੀ ਦੀ ਇਸ ਸਫ਼ਲ ਤਿੱਕੜੀ ਨਾਲ 'ਫੁੱਫੜ ਜੀ ' ਹੋਰ ਵੀ ਮਨੋਰੰਜਕ ਬਣੇਗੀ। ਫਿਲਮ ਦੀ ਕਹਾਣੀ ਮੁਤਾਬਕ ਜੱਸੀ ਗਿੱਲ ਦਾ ਕਿਰਦਾਰ ਵੀ ਬਹੁਤ ਪ੍ਰਭਾਵਸ਼ਾਲੀ ਹੋਵੇਗਾ। ਪੰਕਜ ਬੱਤਰਾ ਵਲੋਂ ਡਾਇਰੈਕਟ ਕੀਤੀ ਜਾ ਰਹੀ ਇਸ ਫ਼ਿਲਮ ਦੀ ਕਹਾਣੀ ਰਾਜੂ ਵਰਮਾ ਨੇ ਲਿਖੀ ਹੈ। ਰਾਜੂ ਵਰਮਾ ਪੰਜਾਬ ਪੰਜਾਬੀਅਤ ਅਤੇ ਵਿਰਸੇ ਨਾਲ ਜੁੜਿਆ ਇੱਕ ਸਮਰੱਥ ਲੇਖਕ ਹੈ। ਉਸਦੇ ਜਿਹਨ 'ਚ ਹਮੇਸ਼ਾ ਹੀ ਸਮਾਜਕ ਅਤੇ ਸੱਭਿਆਚਾਰਕ ਅਧਾਰਤ ਮਨੋਰੰਜਕ ਕਹਾਣੀਆਂ ਉਭਰਦੀਆਂ ਹਨ ਜੋ ਦਰਸ਼ਕਾਂ ਦੀ ਪਸੰਦ ਬਣਦੀਆਂ ਹਨ । ਉਸਦੀ ਇਹ ਫ਼ਿਲਮ ਵੀ ਕਾਮੇਡੀ ਅਤੇ ਪਿਆਰ ਮੁਹੱਬਤਾਂ ਦੀ ਗੱਲ ਕਰਦੀ ਸਮਾਜ ਨਾਲ ਜੁੜੀ ਇੱਕ ਮਨੋਰੰਜਨ ਭਰਪੂਰ ਕਹਾਣੀ ਹੋਵੇਗੀ ਜੋ ਦਰਸ਼ਕਾਂ ਦਾ ਦਿਲ ਜਿੱਤੇਗੀ। ਆਪਾਂ ਜਾਣਦੇ ਹੀ ਹਾਂ ਕਿ 'ਫੁੱਫੜ' ਹਰ ਛੋਟੇ ਵੱਡੇ ਪਰਿਵਾਰ ਦੇ ਇਕ ਸਤਿਕਾਰਤ ਰਿਸ਼ਤੇ ਦਾ ਨਾਂ ਹੈ, ਜੋ ਅਨੇਕਾਂ ਦਿਲਚਸਪ ਕਹਾਣੀਆਂ, ਕਹਾਵਤਾਂ, ਸਿੱਠਣੀਆਂ ਜ਼ਰੀਏ ਸਾਡੇ ਵਿਰਸੇ ਸ਼ਿੰਗਾਰ ਰਿਹਾ ਹੈ। 'ਫੁੱਫੜ ਜੀ ' ਬਾਰੇ ਫ਼ਿਲਮ ਬਣਨਾ ਇੱਕ ਚੰਗਾ ਕਦਮ ਹੈ।

ਲੇਖਕ ਰਾਜੂ ਵਰਮਾ ਤੋਂ ਬਾਅਦ ਪੰਕਜ ਬੱਤਰਾ ਵੀ ਪੰਜਾਬੀ ਸਿਨਮੇ ਦਾ ਇੱਕ ਪਰਪੱਕ ਨਿਰਦੇਸ਼ਕ ਹੈ ਜਿਸਨੇ 'ਬੰਬੂਕਾਟ' ਅਤੇ 'ਸੱਜਣ ਸਿੰਘ ਰੰਗਰੂਟ' ਵਰਗੀਆਂ ਚਰਚਿਤ ਫ਼ਿਲਮਾਂ ਦਾ ਨਿਰਮਾਣ ਕੀਤਾ ਹੈ। ਪੰਕਜ ਬੱਤਰਾ ਨੇ ਆਪਣੀਆਂ ਭਾਵਨਾਵਾਂ ਪ੍ਰਗਟਾਉਦਿਆ ਕਿਹਾ ਕਿ ਕਰੋਨਾ ਮਹਾਂਮਾਰੀ ਕਰਕੇ ਲੰਮੇ ਸਮੇਂ ਬਾਅਦ 'ਫੁੱਫੜ ਜੀ ਦੇ ਸੈੱਟ 'ਤੇ ਸਾਰਿਆਂ ਦਾ ਮੁੜ ਇਕੱਠੇ ਹੋਣਾ ਆਪਣੇ ਅਸਲ ਪਰਿਵਾਰ ਵਿੱਚ 'ਘਰ ਵਾਪਸੀ' ਵਾਂਗ ਹੈ। ਇਸ ਫ਼ਿਲਮ ਦਾ ਬਹੁਤ ਸੋਹਣਾ ਕੰਮ ਹੋ ਰਿਹਾ ਹੈ। ਇਹ ਫ਼ਿਲਮ ਇੱਕ ਪੀਰੀਅਡ ਫ਼ਿਲਮ ਹੈ ਜੋ ਪੰਜਾਬੀ ਸਿਨਮਾ ਇਤਿਹਾਸ ਵਿੱਚ ਅਹਿਮ ਯੋਗਦਾਨ ਪਾਵੇਗੀ। ਇਸ ਫ਼ਿਲਮ ਦੇ ਕਲਾਕਾਰ ਪਹਿਲੀਆਂ ਫ਼ਿਲਮਾ ਤੋ ਬਹੁਤ ਵੱਖਰੇ ਕਿਰਦਾਰਾਂ 'ਚ ਨਜ਼ਰ ਆਉਣਗੇ। ਹਰ ਅਦਾਕਾਰ ਨੇ ਆਪਣੇ ਕਿਰਦਾਰ 'ਚ ਜਾਨ ਪਾਈ ਹੈ।

ਇਸ ਫ਼ਿਲਮ 'ਚ ਗੁਰਨਾਮ ਭੁੱਲਰ, ਜੱਸੀ ਗਿੱਲ ਤੇ ਬੀਨੂੰ ਢਿੱਲੋਂ ਤੋਂ ਇਲਾਵਾ ਸਿੱਧੀਕਾ ਸ਼ਰਮਾ, ਅਲੰਕ੍ਰਿਤਾ ਸ਼ਰਮਾ, ਅਨੂ ਚੌਧਰੀ, ਹੌਬੀ ਧਾਲੀਵਾਲ, ਗੁਰਪ੍ਰੀਤ ਕੌਰ ਭੰਗੂ ਆਦਿ ਕਲਾਕਾਰ ਅਹਿਮ ਕਿਰਦਾਰ ਨਿਭਾਅ ਰਹੇ ਹਨ। ਇਸ ਫ਼ਿਲਮ ਬਾਰੇ ਜੀ ਸਟੂਡੀਓਜ਼ ਦੇ ਸੀ ਬੀ ਓ ਸ਼ੀਰੀਕ ਪਟੇਲ ਨੇ ਕਿਹਾ ਕਿ ਅਸੀਂ ਖੇਤਰੀ ਸਿਨਮੇ ਖਾਸ ਕਰਕੇ ਪੰਜਾਬੀ ਫ਼ਿਲਮਾਂ ਵੱਲ ਵਧੇਰੇ ਧਿਆਨ ਦੇ ਰਹੇ ਹਾਂ ਜਿਸ ਅਧੀਨ ਚੰਗੀਆਂ ਨਸੀਅਤ ਦਿੰਦੀਆਂ ਸਮਾਜਕ ਫ਼ਿਲਮਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨਾ ਹੀ ਸਾਡਾ ਮੁੱਖ ਮਕਸਦ ਹੈ। ਜੱਸੀ ਗਿੱਲ ਦਾ ਕਹਿਣਾ ਹੈ ਕਿ ਇਸ ਫ਼ਿਲਮ ਦਾ ਹਿੱਸਾ ਬਣਨਾ ਉਸ ਲਈ ਬੇਹੱਦ ਖੁਸ਼ੀ ਦੀ ਗੱਲ ਹੈ। ਇਸ ਫ਼ਿਲਮ 'ਚ ਉਸਦਾ ਕਿਰਦਾਰ ਬਹੁਤ ਜਬਰਦਸਤ ਹੈ ਜੋ ਦਰਸ਼ਕਾਂ ਨੂੰ ਪਸੰਦ ਆਵੇਗਾ।




# ਖੜ ਕੇ ਮੂਤਣਾ -- ਇੱਕ ਬੀਮਾਰੀ "shame-shame"



ਸੁਖਵਿੰਦਰ ਬਰਾੜ
91 86996 17609

ਕੰਧ 'ਤੇ ਲਿਖਿਆ ਹੁੰਦਾ ਹੈ 'ਇੱਥੇ ਮੂਤਣਾ ਮਨਾਂ ਹੈ' । **ਦੇਖੋ ਕੁੱਤਾ ਮੂਤ ਰਿਹਾ ਹੈ** । ਫਿਰ ਵੀ ਢੀਠ ਪਰਵਾਹ ਨਹੀਂ ਕਰਦੇ । ਇਸੇ ਤਰ੍ਹਾਂ ਪੜ੍ਹੇ ਲਿਖੇ ਜੈਂਟਲਮੈਨ ਵੀ ਆਪਣੇ ਤੇ ਦੂਜਿਆਂ ਦੇ ਘਰ ਜਾ ਕੇ ਸੀਟ ਤੇ ਖੜ੍ਹੇ ਹੋ ਕੇ ਪਿਸ਼ਾਬ ਕਰਦੇ ਆਮ ਹੀ ਦੇਖਣ ਨੂੰ ਮਿਲਦੇ ਹਨ । ਇਸ ਤਰ੍ਹਾਂ ਕਰਨ ਨਾਲ ਮੂਤ ਦੇ ਤੁਬਕੇ ਉਛਲ ਕੇ ਬਾਹਰ ਫੁੱਟ ਮੈਟ ਜਾਂ ਟਾਈਲ ਫਰਸ਼ ਤੇ ਡਿੱਗ ਪੈਂਦੇ ਹਨ ਜਿਥੇ ਬੈਕਟੀਰੀਆ ਫੈਲਦੇ ਹਨ ਜੋ ਬਦਬੂ ਫੈਲਾਉਂਦੇ ਹਨ। ਫੈਬਰੀਜ ਦੀ ਸਪਰੇ ਬਦਬੂ ਨੂੰ ਮਾਸਕ ਤਾਂ ਕਰ ਸਕਦੀ ਹੈ ਮਗਰ ਬੈਕਟੀਰੀਆ ਨਹੀਂ ਮਾਰਦੀ ।



**ਸਟੱਡੀ**: ਸਭ ਔਰਤਾਂ, ਸਮੇਤ ਘਰ ਵਾਲੀਆਂ ਨੇ ਇਕ ਅਧਿਐਨ ਦੌਰਾਨ ਖੜ ਕੇ ਪਿਸ਼ਾਬ ਕਰਨ ਵਾਲਿਆਂ ਪ੍ਰਤੀ ਬਹੁਤ ਘਿਰਣਾ ਜਾਹਰ ਕੀਤੀ ਹੈ ।

" If you're a true gentleman, you should pee sitting down "



ਬੈਠ ਕੇ ਪੀ ਕਰਨ ਵਾਲਿਆਂ ਵਿਚ ਲੋਅਰ ਯੂਰੀਨਰੀ ਟਰੈਕ ਸਿੰਪਟਮ ਜਿਵੇਂ ਕਿ ਸਖਤ ਤੇ ਬਾਰ ਬਾਰ ਪੀ ਕਰਨ ਦੀ ਫੀਲਿੰਗ, ਕਮਜੋਰ ਤੇ ਇੱਧਰ ਉੱਧਰ ਪਿਸ਼ਾਬ ਦੀ ਧਾਰ, ਬਲੈਡਰ ਵਿੱਚ ਪਿਸ਼ਾਬ ਦਾ ਰਹਿ ਜਾਣਾ, ਪਿਸ਼ਾਬ ਕਰਨ ਦੇ ਬਾਅਦ ਵੀ। ਬੈਠ ਕੇ ਪਿਸ਼ਾਬ ਕਰਨ ਨਾਲ ਪਰਾਸਟੇਟ ਹੈਲਥ ਠੀਕ ਹੁੰਦੀ ਹੈ । ਇਹ ਬਲੈਡਰ ਨੂੰ ਰੀਲੈਕਸ ਕਰਦਾ ਹੈ ਤੇ ਪੂਰੀ ਤਰ੍ਹਾਂ ਖਾਲੀ ਕਰਦਾ ਹੈ, ਪਿਸ਼ਾਬ ਦੀ ਧਾਰ ਤੇਜ ਕਰਦਾ ਹੈ ਤੇ ਸਾਰੇ ਲੋਅਰ ਯੂਰੀਨਰੀ ਟਰੈਕ ਸਿੰਪਟਮ ਘਟਾਉਂਦਾ ਹੈ । ਇਹ ਸਭ ਤੋਂ ਮਹੱਤਵਪੂਰਨ ਸੈਕਸ ਲਾਈਫ ਠੀਕ ਕਰਦਾ ਹੈ। ਕਿਉਂਕਿ ਇਹ ਪਰਾਸਟੇਟ ਨੂੰ ਤੰਦਰੁਸਤ ਰਖਦਾ ਹੈ । ਔਰਤਾਂ ਲਈ ਸਾਫ ਟਾਇਲਟ ਸੀਟ (Aphrodisiac) ਸੈਕਸ ਤੇਜ ਕਰਦੀ ਹੈ।

**ਡੈਟਾ**: 42% ਵਿਆਹੇ ਮਰਦ ਜਨਾਨੀਆਂ ਦੇ ਪਰੈਸ਼ਰ ਸਦਕਾ ਬੈਠ ਕੇ ਹੀ ਪੀ ਕਰਨਾ ਪਸੰਦ ਕਰਦੇ ਹਨ । ਖੜ ਕੇ ਪਿਸ਼ਾਬ ਕਰਨ ਨਾਲ ਸਾਡੇ ਹੇਠਲੇ ਪੇਟ, ਪੈਲਵਿਸ ਤੇ ਸਪਾਈਨ ( ਰੀੜ ਦੀ ਹੱਡੀ) ਦੇ ਮਸਲ ਐਕਟੀਵੇਟ ਹੋਣਕਾਰਨ ਪਰਾਪਰ ਪਿਸ਼ਾਬ ਨਿਕਲਨ ਵਿੱਚ ਵਿਘਨ ਪਾਉਂਦੇ ਹਨ । ਇਸ ਦੇ ਉਲਟ ਜਦੋਂ ਤੁਸੀਂ ਬੈਠ ਕੇ ਪੀ ਕਰਦੇ ਹੋ ਤਾਂ ਤੁਸੀਂ abdominal (ਪੇਟ ਦੇ) ਮਸਲ ਜਿਆਦਾ ਵਰਤਦੇ ਹੋ ਜਿਸ ਨਾਲ ਤੁਹਾਡਾ ਆਖਰੀ ਪਿਸ਼ਾਬ ਦਾ ਤੁਬਕਾ ਵੀ ਬਾਹਰ ਕੱਢ ਦਿੰਦਾ ਹੈ ਤੇ ਤੁਸੀਂ ਬੈਟਰ ਫੀਲ ਕਰਦੇ ਹੋ। ਮਾਹਰ ਦੱਸਦੇ ਹਨ ਕਿ ਖੜ ਕੇ ਪਿਸ਼ਾਬ ਕਰਨ ਵਕਤ ਤੁਸੀਂ ਉਹ ਮਸਲ ਵਰਤਦੇ ਹੋ ਜਿਹੜੇ ਅਸੀਂ ਕਦੇ ਕਦਾਈਂ ਲਾਊਡ ਫਾਰਟ (ਪਦ) ਨੂੰ ਕੰਟਰੋਲ ਕਰਨ ਲਈ ਵਰਤਦੇ ਹਾਂ, ਜਿਹੜਾ ਪਰਾਪਰ ਪਿਸ਼ਾਬ ਵਹਾਅ ਨੂੰ ਖਰਾਬ ਕਰਦਾ ਹੈ । ਬੈਠ ਕੇ ਪੀ ਕਰਨ ਨਾਲ ਬਲੈਡਰ ਇਨਕੰਟੀਨੈਂਸ ( ਪਿਸ਼ਾਬ ਨਾ ਰੁਕਨਾ) ਨੂੰ ਵੀ ਠੀਕ ਕਰਦਾ ਹੈ । ਕਿਉਂਕਿ ਖੜ ਕੇ ਪਿਸ਼ਾਬ ਕਰਨ ਨਾਲ pudendal nerve ਜਿਹੜੀ ਕੇ ਪੈਲਵਿਸ ਤੇ ਰੀੜ ਦੀ ਹੱਡੀ ਨੂੰ ਮਿਲਾਉਂਦੀ ਹੈ, ਕਮਜੋਰ ਹੋ ਜਾਂਦੀ ਹੈ ਤੇ ਬਰੇਨ ਤੋਂ ਗਲਤ ਮੈਸੇਜ ਆਉਣ ਕਾਰਨ ਹਾਰਮੋਨ ਉਲਟ ਪੁਲਟ ਹੋ ਜਾਂਦੇ ਹਨ। Endometriosis, uterine fibrillation, Hysterectomy ਵੀ ਇਸ ਦੀ ਹੀ ਦੇਣ ਹਨ ।

**ਕਿਸੇ ਅੰਗ ਦਾ ਆਪਣੀ ਜਗਾ ਤੋਂ ਹਿੱਲ ਜਾਂ ਖਿਸਕ ਜਾਣਾ** : ਜਦੋਂ ਯੂਟਰਿਸ ਦੇ ਸੈੱਲਾਂ ਦਾ ਬਰੇਨ ਨਾਲੋਂ ਕੁਨੈਕਸ਼ਨ ਕੱਟਿਆ ਜਾਂਦਾ ਹੈ (ਪੇਡੈਂਡਲ ਨਰਵ ਡੈਮੇਜ) ਤਾਂਸੈੱਲ ਇਧਰ ਉਧਰ ਘੁੰਮ ਕੇ ਯੂਟਰਿਸ ਦੇ ਬਿਹਰ ਹੀ ਵਧਨੇ ਸ਼ੁਰੂ ਹੋ ਜਾਂਦੇ ਹਨ। ਤੇ ਹਿਸਟਰੈਕਟਮੀ ਦਾ ਕਾਰਨ ਬਣ ਸਕਦੇ ਹਨ । ਪੈਲਵਿਕ ਫਲੋਰ ਨਰਵ ਜਾ ਪਰੋਲੈਪਸ ਔਰਤਾਂ ਵਿੱਚ ਹੀ ਕਿਉਂ ਆਉਂਦਾ ਹੈ । ਇਕ ਤਾਂ ਇਹਨਾਂ ਦੇ ਸਰੀਰ ਦੀ ਬਣਤਰ ---ਇਹਨਾਂ ਦੇ ਪੈਲਵਿਕ ਫਲੋਰ ਵਿੱਚ ਗੈਪ ਬਹੁਤ ਹੁੰਦਾ ਹੈ ( vaginal gap) ਜਿਸ ਵਿੱਚ ਯੂਟਰਿਸ, ਬਲੈਡਰ, ਰੈਕਟਮ, ਛੋਟੀਆਂ ਆਂਦਰਾਂ ਆਸਾਨੀ ਨਾਲ ਇਸ ਗੈਪ ਵਿੱਚ ਸਲਿੱਪ ਕਰ ਜਾਂਦੀਆਂ ਹਨ ਤੇ ਤਰਤੀਬ ਵਾਰ ਇਹਨਾਂ ਨੂੰ uterine prolapse, cuticele, rectocele, enterocele ਕਹਿੰਦੇ ਹਨ । ਦੂਜਾ ਕਾਰਨ ਇਹ ਹੈ ਕਿ ਡਿਲਵਰੀ ਵਕਤ ਵੀ ਇਹਨਾਂ ਨੂੰ ਪੈਰਾਂ ਭਾਰ ਬੈਠਣ ਨਹੀਂਦਿੱਤਾ ਜਾਂਦਾ ਜਿਸ ਨਾਲ ਬਰਥ ਕਨਾਲ 30% ਜਿਆਦਾ ਖੁੱਲ ਜਾਂਦੀ ਹੈ ਤੇ ਬੱਚਾ ਆਪਣੇ ਬੋਝ ਤੇ ਗਰੈਵਿਟੀ ਨਾਲ ਹੀ ਬਾਹਰ ਆ ਜਾਂਦਾ ਹੈ । ਸਗੋਂ ਦਵਾਈਆਂ, ਫੋਰਸੈਪਸ, ਚਿਮਟੇ ਤੇ ਜੋਰ ਲਾਉਣ ਲਈ ਮਜਬੂਰ ਕੀਤਾ ਜਾਂਦਾ ਹੈ ਜਿਸ ਨਾਲ ਪਰੋਲੈਪਸ ਤੇ ਹਰਨੀਆ ਦਾ ਖਤਰਾ ਵਧ ਜਾਂਦਾ ਹੈ। ਪੈਰਾਂ ਭਾਰ ਬੈਠ ਕੇ ਲੈਟਰੀਨ ਜਾਣਾ ਤੇ ਬੈਠ ਕੇ ਪੀ ਕਰਨ ਨਾਲ ਸਿਹਤ ਤੰਦਰੁਸਤ ਰਹਿੰਦੀ ਹੈ ।









# ਸੰਗੀਤ ਲਈ ਘਰ ਫੂਕ ਤਮਾਸ਼ਾ ਵੇਖਣ ਆਲਾ ਐ ਅਸ਼ੋਕ ਬਾਂਸਲ


ਲੰਡਨ ਵਿੱਚ ਪਹੁੰਚ ਕੇ ਵੀ ਪੰਜਾਬੀ ਰਿਕਾਰਡ ਲਭਦਾ ਹੋਇਆ ਅਸ਼ੋਕ ਬਾਂਸਲ

ਮਾਨਸਾ ਦਾ ਨਾਮ ਰੰਗਮੰਚ ਵਿੱਚ ਪ੍ਰੋ ਅਜਮੇਰ ਔਲਖ ਅਤੇ ਸੰਗੀਤ ਵਿੱਚ ਅਸ਼ੋਕ ਬਾਂਸਲ ਮਾਨਸਾ ਕਰਕੇ ਜਾਣਿਆ ਜਾਂਦਾ ਹੈ।ਇੱਕ ਵਾਰ ਔਲਖ ਸਾਹਿਬ ਤੇ ਉਹਨਾਂ ਦਾ ਸ਼ਾਗਿਰਦ ਬਾਂਸਲ, ਔਲਖ ਸਾਹਿਬ ਦੇ ਜਵਾਈ ਸਤਿਕਾਰਿਤ ਗੁਰਵਿੰਦਰ ਬਰਾੜ ਦੀ ਗਾਇਕੀ ਨੂੰ ਬੂਰ ਪਾਉਣ ਦੇ ਸਿਲਸਿਲੇ ਵਿੱਚ ਦਿੱਲੀ ਜਾਮਾ ਮਸਜਿਦ ਇਲਾਕੇ ਵਿੱਚ ਘੁੰਮ ਰਹੇ ਸੀ। ਇੱਕ ਮੁਸਲਿਮ ਬੇਗਮ ਦੀ ਦੁਕਾਨ ਤੇ ਗਾਣਾ ਵੱਜ ਰਿਹਾ ਸੀ ਤਾਂ ਅਸ਼ੋਕ ਬਾਂਸਲ ਮਾਨਸਾ ਉਹ ਗਾਣੇ ਦੀ ਕੈਸੇਟ (ਉਦੋਂ ਕੈਸਟਾਂ ਚੱਲਦੀਆਂ ਸਨ) ਲੈਣ ਚਲਾ ਗਿਆ, ਔਲਖ ਸਾਹਿਬ ਵੀ ਨਾਲ ਸਨ। ਭਾਅ ਪੁੱਛਿਆ, ਤਾਂ ਉਹ ਕਹਿੰਦੀ 100 ਰਿਕਾਰਡਿੰਗ ਦੇ 25 ਦੀ ਕੈਸੇਟ 125 /ਰੁਪਏ ਦੇ ਦਿਓ। ਅਸ਼ੋਕ ਕਹਿੰਦਾ, ਇਹ ਨਹੀ ਲੈਣੀ, ਜੋ ਅਸਲੀ ਵੱਜ ਰਹੀ ਹੈ ਟੇਪ ਰਿਕਾਰਡ ਵਿੱਚ, ਉਹ ਖਰੀਦਣੀ ਹੈ। ਦੁਕਾਨ ਦੀ ਮਾਲਕਣ ਬੇਗਮ ਨੇ ਕਿਹਾ ਉਹ ਨਹੀ ਵੇਚਣੀ । ਅਸ਼ੋਕ ਦੇ ਜਿੱਦ ਕਰਨ ਤੇ ਉਹਨੇ ਦੋ ਹਜਾਰ ਰੁਪਏ ਮੰਗ ਲਏ ਇਹ ਸੋਚ ਕੇ ਕਿਮਾਨਸਾ ਆਲੇ ਦੇਸੀ ਬਾਣੀਏ ਜੱਟ ਨੇ ਕਿਹੜਾ ਲੈਣੀ ਹੋਣੀ ਹੈ? ਅਸ਼ੋਕ ਨੇ ਨੋਟ ਕੱਢੇ ਤੇ 2000 ਦੇ ਦਿੱਤਾ । ਔਲਖ ਸਾਹਿਬ ਨੇ ਸਮਝਾਇਆ 125 /- ਆਲੀ ਲੈ ਲਵੋ। ਪਰ ਅਸ਼ੋਕ ਨੇ 2000 ਰੁਪਏ ਆਲੀ ਕੈਸੇਟ ਹੀ ਖਰੀਦੀ ਤੇ ਉਹ ਕੈਸੇਟ ਵਿੱਚ ਗੀਤ ਸੀ

**'ਆਪਣਾ ਗਰਾਂ ਹੋਵੇ ਤੂਤਾਂ ਦੀ ਛਾਂ ਹੋਵੇ ਕਾਠ ਦੀ ਮੰਜੀ ਹੋਵੇ ਸਿਰ ਥੱਲੇ ਬਾਂਹ ਹੋਵੇ'**
**ਸ਼ਮਲਾ ਉਚੇਰਾ ਰੱਖਾਂ ਹੁਜਰੇ ਤੇ ਡੇਰਾ ਰੱਖਾਂ ਸੰਗੀਆਂ ਵਿੱਚ ਨਾ ਹੋਵੇ ਆਪਣਾ ਗਰਾਂ ਹੋਵੇ ਤੂਤਾਂ ਦੀ ਛਾਂ ਹੋਵੇ।**

ਇਸ ਗੀਤ ਦਾ ਗਾਇਕ ਮਲਕੂ ਪਾਕਿਸਤਾਨ ਤੋਂ ਐ ਪਰ ਉਸ ਦੀ ਕਦਰ ਦੇਖੋ ਪੰਜਾਬ ਸਹਿਰ ਮਾਨਸਾ ਵਿੱਚ ਜਾ ਕੇ ਪਈ। ਅਸ਼ੋਕ ਨੇ ਹੁਣ ਤੱਕ ਸ਼ੌਕ ਪੁਗਾਇਆ ਚਾਹੇ ਪੱਲੇ ਦਵਾਨੀ ਨਾ ਨਹੀਂ । ਅਜਿਹਾ ਹੀ ਕੁੱਝ ਬੀਤੇ ਦਿਨੀਂ ਵਾਪਰਿਆ ਜਿਸ ਕਰਕੇ ਮੈਂ ਇਸ ਸੰਗੀਤ ਦੇ ਸ਼ੁਦਾਈ ਨਾਲ ਬੀਤੇ ਦਿਨੀਂ ਕੁੱਝ ਵਕਤ ਗੁਜਾਰਿਆ। ਹੋਇਆ ਇੰਞ ਕਿ ਪੰਜਾਬ ਦੇ ਕਿਸੇ ਇੱਕ ਗਾਇਕ ਦਾ ਇਹਨੇ ਨਾਮ ਸੁਣਿਆ ਸੀ ਪਰ ਉਹਦਾ ਕੋਈ ਗੀਤ ਮਿਲ ਨਹੀਂ ਰਿਹਾ ਸੀ ਤੇ ਇੱਕ ਦਿਨ ਜਦ ਅਚਾਨਕ ਕਲਕੱਤੇ ਉਹਦਾ ਤਵਾ ਕਿਸੇ ਕੋਲ ਪਿਆ ਹੋਣ ਦਾ ਪਤਾ ਲੱਗਿਆ ਤਾਂ ਇਹ ਖੁਸ਼ੀ ਵਿੱਚ ਖੀਵਾ ਹੋ ਗਿਆ। ਕਰਦੇ ਕਰਾਉਂਦੇ ਜੀ ਉਹਦੀ ਬੋਲੀ ਚੱਲ ਪਈ ਅਤੇ ਬੋਲੀ ਅੰਤਰਰਾਸ਼ਟਰੀ ਹੋਣ ਕਰਕੇ ਸਾਡਾ ਅਸ਼ੋਕ ਬਾਂਸਲ ਮਾਨਸਾ ਡਾਲਰਾਂ ਆਲਿਆਂ ਨਾਲ ਭਿੜਣ ਲੱਗਾ। ਕਰਦੇ ਕਰਾਉਂਦੇ ਬੋਲੀ ਬਹੁਤ ਉੱਚੀ ਪਹੁੰਚ ਗਈ ਜੋ ਅਸ਼ੋਕ ਬਾਂਸਲ ਮਾਨਸਾ ਦੀ ਪਹੁੰਚ ਤੋਂ ਬਾਹਰ ਸੀ। ਪਰ ਸੰਗੀਤ ਦੇ ਸ਼ੁਦਾਈ ਨੇ ਜਦ ਵੱਧ ਬੋਲੀ ਦੇਣ ਵਾਲਾ ਕੋਈ ਅਮਰੀਕਾ ਦਾ ਖਰੀਦਦਾਰ ਨਾ ਬਹੁੜਿਆ ਤਾ ਇਹ ਤਵਾ ਖਰੀਦ ਲਿਆ। ਹੁਣ ਭਾਵੇਂ ਔਖੇ ਸੌਖੇ ਤਵੇ ਦੀ ਬੇਸ਼ਕੀਮਤੀ ਅਦਾਇਗੀ ਕਰ ਦਿਤੀ ਗਈ ਹੈ ਤੇ ਤਵਾ ਮਾਨਸਾ ਪਹੁੰਚ ਗਿਆ ਹੈ ਪਰ ਢੇਰ ਸਾਰੇ ਪੈਸੇ ਲਾ ਕੇ ਖਰੀਦਿਆ ਇਹ ਤਵਾ ਵੱਡੇ ਸਪੀਕਰ ਕੋਠੇ ਤੇ ਲਾ ਕੇ ਸਭ ਨੂੰ ਸੁਣਾਉਣ ਦੀ ਥਾਂ ਘਰ ਬੁਲਾ ਕੇ ਚਾਹ ਦੀਆਂ ਚੁਸਕੀਆ ਨਾਲ ਇਹਦਾ ਆਨੰਦ ਮਾਨਣਦਾ ਸਵਾਦ ਅਸ਼ੋਕ ਦੇ ਕਿਸੇ ਕਿਸੇ ਦੋਸਤ ਨੂੰ ਹੀ ਹਾਲੇ ਤੱਕ ਮਿਲਿਆ ਹੈ । ਮੈਂ ਵਡਭਾਗੀ ਹਾਂ ਜੋ ਆਨੰਦ ਮਾਣ ਆਇਆ ਹਾਂ। ਵਾਰੇ ਜਾਵਾਂ ਇਸ ਪੰਜਾਬੀ ਸੰਗੀਤ ਦੇ ਸ਼ੁਦਾਈ ਦੇ, ਜਿਸ ਦੀ ਇੱਜ਼ਤ ਮਾਨਸਾ ਨਾਲੋਂ ਵੱਧ ਪੂਰੀ ਦੁਨੀਆਂ ਵਿੱਚ ਵੱਸਦੇਭਾਰਤੀ ਤੇ ਪਾਕਿਸਤਾਨੀ ਪੰਜਾਬੀ ਕਰਦੇ ਹਨ ਤੇ ਬਹੁਤ ਫੋਨ ਕਰ ਕਰ ਕੇ ਪੁਰਾਣੇ ਗੀਤਾਂ ਬਾਰੇ ਪੁੱਛਦੇ ਹਨ। ਜਦ ਵੀ ਕਦੇਪੰਜਾਬੀ ਨਾਲ ਧਰਮ ਜੋੜਿਆ ਜਾਂਦਾ ਤਾਂ ਮੈ ਅਸ਼ੋਕ ਬਾਂਸਲ ਮਾਨਸਾ ਦੀ ਉਦਾਹਰਣ ਦਿੰਦਾ ਹਾਂ ਕਿ ਵੇਖੋ ਇਹ ਮਾਂ ਬੋਲੀ ਪੰਜਾਬੀ ਦਾ ਹਿੰਦੂ ਪੁੱਤ ਕਿੰਨਾ ਗਿਆਨਵਾਨ ਹੈ । ਅਸ਼ੋਕ ਵੱਲ ਦੇਖਦੇ ਹੋਏ ਇਹੀ ਵਿਚਾਰ ਭਾਰੂ ਹੁੰਦੇ ਹਨ ਕਿ ਬੋਲੀ ਨੂੰ ਧਰਮ ਨਾਲ ਨਾ ਜੋੜੋ। ਆਖਿਰ ਵਿੱਚ ਜੇ ਕਿਤੇ ਅਸ਼ੋਕ ਬਾਂਸਲ ਮਾਨਸਾ ਨੂੰ ਸਰਕਾਰ ਸੰਗੀਤ ਦਾ ਮਿਊਜ਼ੀਅਮ ਬਣਾਉਣ ਲਈਮੱਦਦ ਕਰੇ ਤਾਂ ਸ਼ਾਇਦ ਸਾਰਾ ਪੰਜਾਬੀ ਸੰਗੀਤ ਸੰਭਾਲਿਆ ਜਾ ਸਕੇ। ਨਹੀਂ ਤਾ ਇਹਨੇ ਸਾਰੀ ਕਮਾਈ ਪੁਰਾਣੇ ਰਿਕਾਰਡ ਖਰੀਦਣ ਤੇ ਲਾਈ ਜਾਣੀ ਹੈ। ਬੱਲੇ ਬਾਬਾ ਤੇਰੇ ! ਨਹੀਂ ਰੀਸਾਂ ਤੇਰੀਆਂ ।


ਵਿਸ਼ਵਦੀਪ ਬਰਾੜ ਮਾਨਸਾ






ਮੈਂ ਦੁਨੀਆਂ ਦੇ ਕਈ ਮੁਲਕਾਂ ਵਿੱਚ ਗਈ ਹਾਂ ਪਰ ਗਵਾਂਢੀ ਮੁਲਕ ਪਾਕਿਸਤਾਨ ਜਾਣ ਦਾ ਜੋ ਅਨੰਦ, ਜੋ ਤ੍ਰਿਪਤੀ, ਜੋ ਸਕੂਨ ਮਿਲਿਆ ਉਹ ਵੱਖਰਾ ਹੀ ਨਜ਼ਾਰਾ ਰਿਹਾ ਹੈ। ਇਹ ਮੇਰੇ ਚੇਤਿਆਂ ਵਿੱਚ ਹਮੇਸ਼ਾ ਲਈ ਦਰਜ ਹੋ ਗਿਆ ਯਾਦਾਂ ਦਾ ਸਰਮਾਇਆ ਹੈ। ਸਭ ਤੋਂ ਪਹਿਲੀ ਵਾਰ ਜਦੋਂ ਮੈਂ ਅਟਾਰੀ ਤੋਂ ਪਾਕਿਸਤਾਨ ਦੀ ਜੂਹ ਤੱਕ ਅਪੜੀ, ਬਸੋਂ ਉਤਰਦਿਆਂ ਇੱਕ ਭਾਰੀ ਬਸਤਾ ਚੁੱਕ ਕੇ ਡਿਕ ਡੋਲੇ ਖਾਂਦੀ ਤੁਰ ਰਹੀ ਸੀ ਤਾਂ ਇੱਕ ਮੁਸਲਮਾਨ ਭਰਾ ਨੇ ਪੂਰੇਤਪਾਕ ਨਾਲ ਮੇਰਾ ਸਵਾਗਤ ਕੀਤਾ। ਉਹ ਛੋਹਲੇ ਕਦਮੀ ਮੇਰੇ ਕੋਲ ਆਇਆ, 'ਓਹੋ ਮੇਰੀ ਭੈਣ ਏਨਾ ਭਾਰ ਚੁੱਕੀ ਜਾਂਦੀ ਏ ਇਹ ਭਰਾ ਕਦ ਕੰਮਆਵੇਗਾ। ਲਿਆ ਫੜਾ ਬੋਝਾ, ਭੈਣ ਆਵੇ ਤੇ ਭਰਾ ਬਾਹਾਂ ਲਮਕਾ ਕੇ ਤੁਰਿਆ ਜਾਵੇ,ਇਹ ਕੋਈ ਗੱਲ ਹੈ ਵੇ।' ਐਨੇ ਅਪਣੱਤ ਭਰੇ ਲਹਿਜੇ ਵਿੱਚ ਤਾਂ ਮੈਨੂੰ ਕਦੇ ਮੇਰੇ ਵੀਰੇ ਨੇ ਵੀ ਨਹੀਂ ਬੁਲਾਇਆ ਹੋਣਾ। ਮੈਂ ਹੈਰਾਨ ਹੋ ਰਹੀ ਸੀ। ਉਸ ਨੇ ਮੈਨੂੰ ਟਿਕਾਣੇ ਤੇ ਪੁਚਾ ਦਿੱਤਾ। ਇਹ ਗੱਲ ਵੱਖਰੀ ਹੈ ਕਿ ਉੱਥੇ ਜਾ ਕੇ ਉਸ ਨੇ ਪੰਜਾਹ ਰੁਪਏ ਵੀ ਮੰਗ ਲਏ ਜੋ ਮੈਂ ਖ਼ੁਸ਼ੀ ਨਾਲ ਦੇ ਦਿੱਤੇ। ਭਾਵਨਾਵਾਂ ਦਾ ਵਹਿਣ ਅਸੀਂ ਨਨਕਾਣਾ ਸਾਹਿਬ ਅਪੜਕੇ ਆਪ-ਮੁਹਾਰਾ ਵਹਿੰਦਾ ਵੇਖਿਆ ਸੀ। ਗੁਰਦੁਆਰਾ ਸਾਹਿਬ ਦੀ ਪਵਿੱਤਰ ਸਰਜ਼ਮੀਨ ਨੂੰ ਮੱਥਾ ਟੇਕਦਿਆਂ ਹਰ ਅੱਖ ਹੰਝੂ ਵਗਾ ਤੁਰਦੀ ਹੈ। ਉੱਥੇ ਮੱਥਾ ਟੇਕ ਕੇ ਸਾਡੇ ਅੰਦਰ ਉਸ ਪਵਿੱਤਰ ਥਾਂ ਲਈ ਹੇਰਵਾ, ਤਰਸੇਵਾਂ, ਜਗਿਆਸਾ, ਉਦਰੇਵਾਂ, ਵਿਗੋਚਾ, ਸ਼ਰਧਾ ਤੇ ਹੋਰ ਪਤਾ ਨਹੀਂ ਕੀ ਕੀ ਉਮੜ ਕੇ ਵਹਿ ਤੁਰਦਾ ਹੈ। ਮੈਂ ਤਾਂ ਚਲੋ ਆਪਣੇ ਆਪ ਬਾਰੇ ਸੋਚਿਆ ਕਿ ਔਰਤਮਨ ਪਤਲਾ ਹੋਣ ਕਰ ਕੇ ਅਜਿਹਾ ਹੋ ਗਿਆ ਹੋਣੈ, ਪਰ ਮੈਨੂੰ ਹੈਰਾਨੀ ਉਸ ਸਮੇ ਹੋਈ ਜਦੋਂ ਮੈਂ ਦਿੱਲੀ ਤੋਂ ਗਏ ਇੱਕ ਕਾਮਰੇਡ ਵਿਚਾਰਾਂ ਵਾਲੇ ਪ੍ਰੋਫੈਸਰ ਨੂੰ ਕੰਧ ਵਲ ਮੂੰਹ ਕਰ ਕੇ ਅੱਖਾਂ ਪੂੰਝਦਿਆਂ ਵੇਖਿਆ। ਸ਼ਾਇਦ ਸਾਡੇ ਸਭ ਦੇ ਮਨਾਂ ਵਿੱਚ ਉਸ ਥਾਂ ਦੇ ਵਿਛੜ ਜਾਣ ਦੀ ਭਾਵਨਾ ਅੰਦਰ ਨੂੰ ਵਲੂੰਧਰਦੀ ਹੋਵੇ। ਪਰ ਇੱਕ ਗੱਲ ਸਪਸ਼ਟ ਹੈ ਕਿ ਬਾਬਾ ਨਾਨਕ ਜੀ ਦੇ ਜਨਮ-ਸਥਾਨ ਅੱਗੇ ਸਿਰ ਨਿਵਾਉਂਦਿਆਂ ਹਰ ਅੱਖ ਸੇਜਲ ਹੋ ਰਹੀ ਸੀ। ਮੈਂ ਕਿਤੇ ਸੁਣਿਆ ਸੀ ਕਿ ਲੋਕ ਉਸ ਧਰਤੀ ਤੇ ਜੁੱਤੀਆਂ ਲਾਹ ਕੇ ਨੰਗੇ ਪੈਰੀਂ ਤੁਰਦੇ ਹਨ ਕਿ ਇਸ ਧਰਤੀ ਨੂੰ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਹੈ। ਇੱਕ ਤਾਂ ਉੱਥੇ ਸਾਡਾ ਵੈਰਾਗ ਉਛਲਦਾ ਹੈ, ਦੂਜਾ ਉੱਥੋਂ ਦੀਆਂ ਸਿੱਖ ਸੰਗਤਾਂ ਦੀ ਖਸਤਾ ਹਾਲਤ ਭਾਵਨਾਵਾਂ ਨੂੰ ਪੱਛਦੀ ਹੈ।ਮੈਂ ਨਨਕਾਣਾ ਸਾਹਿਬ ਦੇ ਰਸਤੇ ਵਿੱਚ ਦੋ ਅਜਿਹੇ ਦ੍ਰਿਸ਼ ਦੇਖੇ ਸਨ ਜੋ ਮੇਰੇ ਅੰਦਰ ਸਾਂਭੇ ਪਏ ਹਨ। ਪਹਿਲਾ ਇੱਕ ਸਕੂਲ ਦੀ ਵੱਖੀ ਨਾਲ ਛੱਪੜ ਕੰਢੇ ਕੁੱਝ ਬੱਚੇ ਫੱਟੀਆਂ ਪੋਚ ਰਹੇ ਸਨ। ਇਸ ਨੂੰ ਵੇਖ ਕੇ ਮੇਰੇ ਬਚਪਨ ਦਾ ਕੋਈ ਸਿਰਾ ਸੱਜਰਾ ਹੋ ਉੱਠਿਆ ਸੀ। ਦੂਜਾ, ਇੱਕ ਗੋਹੇ ਦੀਭਰੀ ਰੇਹੜੀ ਨੂੰ ਪਸ਼ੂ ਦੀ ਥਾਂ ਆਦਮੀ ਜੁੜਿਆ ਹੋਇਆ ਸੀ ਜਿਸ ਨੂੰ ਦੇਖ ਕੇ ਮਨ ਅੰਦਰ ਬਹੁਤ ਤਰਸ ਵੀ ਆਇਆ ਅਤੇ ਅਹਿਸਾਸ ਵੀ ਹੋਇਆ ਕਿਸਾਡਾ ਹਿੱਸਾ ਰਿਹਾ ਇਹ ਲਹਿੰਦਾ ਪੰਜਾਬ ਹਾਲੇ ਪਿਛਲੀ ਸਦੀ ਵਿੱਚ ਹੀ ਵਿਚਰ ਰਿਹਾ ਹੈ। ਹਾਂ,ਇੱਕ ਹੋਰ ਵਾਕਿਆ ਸਾਂਝਾ ਕਰਨ ਵਾਲਾ ਹੈ ਜੋ ਗੰਭੀਰ ਵਿਚਾਰ ਮੰਗਦਾ ਹੈ। ਸਾਡੇ ਹੋਟਲ ਦੇ ਦਰਵਾਜ਼ੇ ਤੇ ਇੱਕ ਖ਼ੂਬਸੂਰਤ ਜਵਾਨ ਲੜਕੀ ਦਰਬਾਨ ਵਜੋਂ ਤਾਇਨਾਤ ਸੀ। ਮੈਂ ਉਸ ਨੂੰ ਤਾਰੀਫ਼ ਕਰਦਿਆਂ ਪੁੱਛਿਆ,'ਤੁਸੀਂ ਮੁਸਲਿਮ ਲੜਕੀਆਂ ਐਨੀਆਂ ਸੁਨੱਖੀਆਂ ਕਿਵੇਂ ਹੋ' ? ਉਸ ਨੇ ਬੜਾ ਮੋਹ-ਭਿੱਜਿਆ ਜਵਾਬ ਦਿੱਤਾ,'ਤੁਸਾਂ ਦੇ ਮਰਦ ਵੀ ਤਾਂ ਕਿੰਨੇ ਸੁਹਣੇਹਨ, ਅੱਜ ਕੱਲ੍ਹ ਲਾਹੌਰ ਸ਼ਹਿਰ ਅੰਦਰ ਸੋਹਣੇ ਸੋਹਣੇ ਰੰਗਾਂ ਦੀਆਂ ਪੱਗਾਂ ਨਾਲ ਰੌਣਕਾਂ ਲੱਗੀਆਂ ਨੇ।'ਮੈਂ ਮਜ਼ਾਕ ਕੀਤਾ,'ਚਲਣੈ ਕਿਸੇ ਪੱਗ ਵਾਲੇ ਨਾਲ ਸਾਡੇ ਮੁਲਕ। ਉਸ ਦੀਆਂ ਗੋਰੀਆਂ ਗੱਲ੍ਹਾਂ ਵਿੱਚ ਸੰਧੂਰੀ ਭਾਅ ਮਾਰਨ ਲੱਗੀ। ਉਹ ਸ਼ਰਮਾਉਂਦੀ ਮੁਸਕੜੀਏਂ ਹਸਦੀ ਆਖ ਰਹੀ ਸੀ,'ਮੇਰੇ ਐਡੇ ਨਸੀਬ ਕਿੱਥੇ'। ਮੇਰੇ ਮਜ਼ਾਕ ਦੇ ਅੱਖਰਾਂ ਨੇ ਉਸ ਦੀਆਂ ਖ਼ੂਬਸੂਰਤ ਅੱਖਾਂ ਪਿੱਛੇ ਪਲਦੇ ਸੁਪਨੇ ਅੰਗੜਾਈਆਂ ਭਰਨ ਲਾ ਦਿੱਤੇ ਸਨ। ਮੈਨੂ ਲੱਗਾ ਮੇਰੇ ਮੁਲਕ ਵਿੱਚ ਵਗਦੀ ਹਵਾ ਦਾ ਰੁਖ ਕਿੰਨਾ ਬਦਲ ਗਿਆ ਹੈ। ਫ਼ੈਸ਼ਨ ਦੀ ਗੋਦ ਪਲਦੀਆਂ ਸਾਡੀਆਂ ਮੁਟਿਆਰਾਂ ਦੇ ਸੁਪਨਿਆਂ ਵਿੱਚ ਆਉਂਦੇ ਰਾਜ ਕੁਮਾਰ ਚਿਕਨੇ ਚੋਪੜੇ ਤੇ ਲਿਸ਼ਕਦੇ ਪਟਿਆਂ ਵਾਲੇ ਹੀ ਹੁੰਦੇ ਹਨ। ਇਸੇ ਪਗਡੰਡੀ ਤੁਰਦੇ ਬੇਸ਼ੁਮਾਰ ਮੁੰਡਿਆਂ ਨੇ ਸਰਦਾਰੀ ਪੱਗਾਂ ਲਾਹ ਧਰੀਆਂ ਨੇ। ਜਦੋਂ ਕਿ ਦੂਜੇ ਮੁਲਕਾਂ ਵਿੱਚ ਪੰਜਾਬੀ ਗਭਰੂਆਂ ਦੀ ਪੱਗ ਨਾਲ ਪਛਾਣ ਗੁਰੂ ਗੋਬਿੰਦ ਸਿੰਘ ਜੀ ਦੇ 'ਸਵਾ ਲਾਖ ਸੇ ਏਕ ਲੜਾਊਂ' ਵਾਲੀ ਬਣੀ ਹੋਈ ਹੈ। ਜੇ 'ਗੁੱਝੀ ਰਹੇਨਾ ਹੀਰ ਹਜ਼ਾਰ ਵਿੱਚੋਂ' ਤਾਂ ਪੱਗ ਵਾਲਾ ਸਿਰ ਵੀ ਹੋਰਨਾ ਤੋਂ ਵੱਖ ਵਿਸ਼ੇਸ਼ ਨਜ਼ਰ ਆਉਂਦਾ ਹੈ। ਸ਼ਾਲਾ ਸਾਡੀਆਂ ਮੁਟਿਆਰਾਂ ਦੀਆਂ ਸੱਧਰਾਂ ਉਸ ਸੋਹਣੀ ਮੁਸਲਿਮ ਕੁੜੀ ਵਰਗੀਆਂ ਹੋਣ ਤੇ ਸਾਡੇ ਗਭਰੂਆਂ ਅੰਦਰ ਰੰਗ ਬਰੰਗੀਆਂ ਪੱਗਾਂ ਦੇ ਸੁਹੱਪਣ ਦਾ ਚਾਅ ਜਾਗ ਪਵੇ, ਸਾਡੇ ਵੀ ਸੁਹਣੇ ਰੰਗਾਂ ਦੀਆਂ ਪੱਗਾਂਦੀਆਂ ਰੌਣਕਾਂ ਪਰਤ ਆਉਣ।

## facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਸਾਡੇ ਪੰਜਾਂ ਭਾਈਆਂ ਕੋਲ ਲਾਇਸੰਸ ਬੰਦੂਕਾਂ ਦੇ



ਇਹ ਤਸਵੀਰ ਮੇਰੇ ਚਾਚਾ ਜੀ ਸਰਦਾਰ ਨੈਬ ਸਿੰਘ ਸਿਧੂ ਭਾਈਕਾ ਦੀ ਹੈ। ਇਹਨਾਂ ਨੇ ਹੁਣ ਤੱਕ ਲਗਭਗ 60-62 ਵਾਰੀ ਖੂਨਦਾਨ ਕੀਤਾ ਹੈ। ਅਨਪੜ੍ਹ ਹੋਣ ਦੇ ਬਾਵਜੂਦ ਵੀ 32 ਕੁ ਅੰਤਰਰਾਸ਼ਟਰੀ ਦੇਸ਼ਾਂ ਦਾ ਦੌਰਾ ਕੀਤਾ ਹੈ। ਜਿਸ ਸਮੇਂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਅਟੱਲ ਬਿਹਾਰੀ ਵਾਜਪਾਈ ਸਨ। ਉਦੋਂ ਵਾਜਪਾਈ ਸਾਹਿਬ ਨੇ 7 ਦੇਸ਼ਾਂ ਦੀ ਦੌਰਾ ਕੀਤਾ ਸੀ ਜਿਸ ਨੂੰ ਅਲਮਾਟੀ ਸੰਮੇਲਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਸ ਸਮੇਂ ਮੇਰੇ ਚਾਚਾ ਜੀ 9 ਦੇਸ਼ਾਂ ਅਲਮਾਟੀ ਸਮੇਤ ਦਾ ਟੂਰ ਲਾਇਆ ਸੀ।ਮੈਂ ਕੋਈ ਇਹਨਾਂ ਦੀ ਵਡਿਆਈ ਨਹੀਂ ਕਰ ਰਿਹਾ ਇਹਨਾਂ ਨੂੰ ਬਾਹਰਲੇ ਦੇਸ਼ਾਂ ਵਿੱਚ ਘੁੰਮਣ ਦਾ ਸ਼ੌਕ ਬਚਪਨ ਤੋਂ ਹੀ ਸੀ। ਚਾਚਾ ਜੀ ਸੁਰਤ ਸੰਭਦਿਆ ਹੀ ਮਹਾਨਗਰੀ ਲੁਧਿਆਨਾ ਵਿਖੇ ਆਪਣੀ ਮਾਸੀ ਜੀ ਕੋਲ ਰਹਿਣ ਲੱਗ ਪਏ ਸਨ। ਆਪਣਾ ਬਚਪਨ ਤੇ ਚੜਦੀ ਜੁਆਨੀ ਲੁਧਿਆਣੇ ਗੁਜ਼ਾਰੀ।ਪਾਪਾ ਜੀ ਦੇ ਪੰਜ ਮਾਮੇ ਸਨ। ਵੱਡੇ ਸਨ ਜਰਨੈਲ ਸਿੰਘ ਤੇ ਕਰਨੈਲ ਸਿੰਘ ਜਿਹਨਾਂ ਦੀ ਇਲਾਕੇ ਵਿੱਚ ਤੂਤੀ ਬੋਲਦੀ ਸੀ। ਇਹਨਾਂ ਦੀ ਤੂਤੀ ਬੋਲਣ ਦੀ ਕਹਾਣੀ ਕਦੇ ਫੇਰ ਸਾਂਝੀ ਕਰਾਂਗਾ। ਇਹਨਾਂ ਪੰਜਾਂ ਭਰਾਵਾਂ ਦੇ ਪੂਰੇ ਕੱਦ ਕਾਠ ਸਨ। ਪੰਜਾਂ ਦੇ ਕੋਲ ਲਾਇਸੰਸੀ ਹਥਿਆਰ ਸਨ। ਪਾਪਾ ਜੀ ਦੇ ਮਾਸੜ ਜੀ ਸਰਦਾਰ ਧਾਲੀਵਾਲ ਸਾਹਿਬ ਲੁਧਿਆਣੇ ਵਿੱਚ ਚੰਗੇ ਕਾਰੋਬਾਰੀ ਸਨ। ਜਿਹਨਾਂ ਕੋਲ ਟਰੱਕਾਂ ਤੋਂ ਇਲਾਵਾ ਦੋ ਉਦਯੋਗਿਕ ਕਾਰਖਾਨੇ ਸਨ। ਮਾਸੜ ਜੀ ਦੀ ਰਿਹਾਇਸ਼ ਢੋਲੇਵਾਲ ਚੌਕ ਕੋਲ ਸਰਾਭਾ ਨਗਰ ਵਿੱਚ ਸੀ। ਉਹਨਾਂ ਦਿਨਾਂ ਵਿੱਚ ਪਾਪਾ ਦੇ ਮਾਸੜ ਜੀ ਦੀ ਸਰਕਾਰੇ ਦਰਬਾਰੇ ਚੰਗੀ ਭੱਲ ਬਣੀ ਹੋਈ ਸੀ। ਇਹ ਗੱਲਾਂ ਕੋਈ 35-40 ਸਾਲ ਪੁਰਾਣੀਆਂ ਐ। ਹੋਇਆ ਕੀ ਕਿ ਮਾਸੜ ਜੀ ਦਾ ਢੋਲੇਵਾਲ ਚੌਕ ਵਿੱਚ ਇੱਕ ਪਲਾਟ ਖਰੀਦਿਆ ਹੋਇਆ ਸੀ। ਜਿਸ ਉੱਪਰ ਲੁਧਿਆਣੇ ਦੇ ਕਿਸੇ ਬਦਮਾਸ਼ ਨੇ ਕਬਜ਼ਾ ਕਰ ਲਿਆ। ਜਦੋਂ ਮਾਸੜ ਜੀ ਨੂੰ ਪਤਾ ਲੱਗਿਆ ਤਾਂ ਉਹਨਾਂ ਨੇ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਨਾਲ ਗੱਲ ਕੀਤੀ। ਡੀ ਸੀ ਸਾਹਿਬ ਨਾਲ ਮਾਸੜ ਜੀ ਦੀ ਦੋਸਤੀ ਸੀ। ਡੀ ਸੀ ਸਾਹਿਬ ਕਹਿੰਦੇ ਧਾਲੀਵਾਲ ਸਾਹਿਬ ਤੁਸੀਂ ਬੰਦੇਬੁਲਾ ਕੇ ਆਪਣੇ ਪਲਾਟ ਤੇ ਕਬਜ਼ਾ ਕਰ ਲਵੋ। ਪੁਲਿਸ ਪ੍ਰਸ਼ਾਸਨ ਤੁਹਾਡੇ ਨਾਲ ਹੈ।ਮੇਰੇ ਚਾਚਾ ਜੀ ਉਸ ਸਮੇਂ ਚੜਦੀ ਜੁਆਨੀ ਵਿੱਚ ਸਨ। ਲੁਧਿਆਣੇ ਰਹਿਣ ਕਰਕੇ ਇਹਨਾਂ ਦੇ ਵੀ ਕਈ ਨੌਜਵਾਨ ਦੋਸ਼ਤ ਸਨ। ਏਧਰੋਂ ਚਾਚਾ ਜੀ ਨੇ ਆਪਣੇ 15-20 ਨੌਜਵਾਨ ਦੋਸ਼ਤ ਬੁਲਾ ਲਏ ਤੇ ਦੂਜੇ ਪਾਸਿ-ਪਾਪਾ ਜੀ ਦੇ ਮਾਮਾ ਜੀ ਪੰਜੇ ਭਰਾ ਤੇ ਆਪਣੇ 5-7 ਹੋਰ ਬੰਦਿਆਂ ਨੂੰ ਲੈ ਕੇ ਪਲਾਟ ਵਿੱਚ ਆਸਣ ਲਾ ਲਏ। ਇਲਾਕੇ ਦਾ ਬਦਮਾਸ਼ ਪੰਜੇ ਭਰਾਵਾਂ ਜਿਹਨਾਂ ਦੇ ਛੇ ਛੇ ਫੁੱਟੇ ਕੱਦ ਦੇ ਮੋਢੇ ਪਾਈਆਂ ਬੰਦੂਕਾਂ ਸਾਹਮਣੇ ਪੇਸ਼ ਨਾ ਚਲਦੀ ਵੇਖ ਕੇ -ਥੋਂ ਅਲੀ ਪੰਜ ਹੋ ਗਿਆ। ਚਾਚਾ ਜੀ ਦੇ ਨੌਜਵਾਨ ਦੋਸ਼ਤ ਪੰਜੇ ਭਰਾਵਾਂ (ਮਾਮਿਆਂ) ਤੋਂ ਬਹੁਤ ਪ੍ਰਭਾਵਿਤ ਹੋਏ। ਜਦੋਂ ਮਾਮਿਆਂ ਨੇ ਸ਼ਾਮ ਨੂੰ ਆਪਣੀਆਂ ਰਾਇਫਲਾਂ ਵਿੱਚੋਂ ਫਾਇਰ ਕੱਢੇ ਤਾਂ ਅਸਮਾਨ ਵਿੱਚ ਇੱਕ ਜੇਤੂ ਗੂੰਜ ਪਈ। ਕਬਜਾ ਧਾਰੀ ਬਦਮਾਸ਼ ਪੁਲਿਸ ਥਾਣੇ ਵਿੱਚ ਜਾ ਪਹੁੰਚਿਆ ਕਿ ਧਾਲੀਵਾਲ ਸਾਹਿਬ ਨਾਲ ਮੇਰਾ ਰਾਜੀ ਬੰਦਾ ਕਰਵਾ ਦਿ। ਪੁਲਿਸ ਦੇ ਸਾਰੀ ਗੱਲ ਪਹਿਲਾਂ ਡੀ ਸੀ ਸਾਹਿਬ ਨੇ ਧਿਆਨ ਵਿੱਚ ਲਿਆ ਦਿੱਤੀ ਸੀ। ਏਧਰੋਂ ਚਾਚਾ ਜੀ ਦੇ ਦੋਸਤ ਮਾਮਿਆਂ ਸਾਹਮਣੇ ਆਪਣੇ ਆਪ ਨੂੰ ਆਟੇ ਵਿੱਚ ਲੂਣ ਬਰਾਬਰ ਲੱਗੇ। ਵੈਸੇ ਇਹਨਾਂ ਦੋਸਤਾਂ ਨੇ ਪਹਿਲਾਂ ਵੀ ਇੱਕ ਦੋ ਕਬਜ਼ੇ ਛੁਡਾਏ ਸਨ। ਪਰ ਮਾਮਿਆਂ ਦੇ ਦਰਸ਼ਨੀ ਸਰੀਰ ਤੇ ਰੋਅਬ ਦੇਖ ਕੇ ਦੰਗ ਰਹਿ ਗਏ।ਉਹਨਾਂ ਦਿਨਾਂ ਵਿੱਚ ਮੇਰੇ ਪਿੰਡ ਦੇ ਕਈ ਨੌਜਵਾਨ ਮੁੰਡੇ ਜਿਹਨਾਂ ਵਿੱਚ ਭੱਟੀ ਪਰਿਵਾਰ ਦੇ ਦਲਜੀਤ ਘੋਲੂ,,, ਤੇ ਕਈ ਹੋਰ ਮੁੰਡੇ ਲੁਧਿਆਣੇ ਵਰਕਸ਼ਾਪਾਂ ਵਿੱਚ ਮਕੈਨਿਕ ਦਾ ਕੰਮ ਕਰਦੇ ਸਨ। ਜੋ ਚਾਚਾ ਜੀ ਨਾਲ ਕਾਫ਼ੀ ਸਾਂਝ ਰੱਖਦੇ ਸਨ। ਇਹਨਾਂ ਨੌਜਵਾਨ ਦੋਸਤਾਂ ਵਿੱਚੋਂ ਇੱਕ ਦੋ ਮੁੰਡੇ ਗੀਤ ਵੀ ਲਿਖਦੇ ਸਨ। ਜਿਹਨਾਂ ਨੇ ਕਬਜ਼ੇ ਦਾ ਸਾਰਾ ਦ੍ਰਿਸ਼ ਆਪਣੇ ਅੱਖੀ ਦੇਖਿਆ ਸੀ। ਉਹਨਾਂ ਨੇ ਇੱਕ ਗੀਤ ਲਿਖਿਆ,,, **ਪੰਜਾਂ ਭਾਈਆਂ ਦੇ ਨੇ ਕੋਲ ਲਾਇਸੰਸ ਬੰਦੂਕਾਂ ਦੇ,,ਕੋਠੇ ਚੜ ਕੇ ਜੇ ਇੱਕ ਵਾਰ ਖੰਗੂਰਾ ਮਾਰ ਦੀਏ,,ਕੋਈ ਕਹਿੰਦਾ ਨੈਬ ਗੁਆਂਢੀ ਮੇਰੇ ਸਾਢੂ ਦਾ,,,,,,ਹੈਗੀ ਡੀ ਸੀ ਦੇ ਨਾਲ ਯਾਰੀ ਮੇਰੇ ਮਾਸੜ ਦੀ।**ਸਾਡੇ ਪਿੰਡ ਦੇ ਮਕੈਨਿਕਸ ਸਿੱਖਣ ਵਾਲੇ ਮੁੰਡੇ ਵੀ ਉਥੇ ਹਾਜ਼ਰ ਸੀ। ਕੁਦਰਤੀ ਸਬੱਬ ਬਣਿਆ ਉਸੇ ਰਾਤ ਢੋਲੇਵਾਲ ਚੌਕ ਵਿੱਚ ਸਵ: ਗਾਇਕ ਕੁਲਦੀਪ ਮਾਣਕ ਸਾਹਿਬ ਦਾ ਅਖਾੜਾ ਲੱਗਿਆ ਤੇ ਇਹਨਾਂ ਮੁੰਡਿਆਂ ਵਿੱਚੋਂ ਕਿਸੇ ਨੇ ਕਬਜ਼ੇ ਵਾਲੇ ਵਿਰਤਾਂਤ ਦਾ ਪੂਰਾ ਗੀਤ ਲਿਖ ਦਿੱਤਾ। ਮਾਣਕ ਸਾਹਿਬ ਜੀ ਦਾ ਅਖਾੜਾ ਲੱਗਣ ਤੋਂ ਪਹਿਲਾਂ ਪ੍ਰੋਗਰਾਮ ਵਾਲੇ ਪਰਿਵਾਰ ਦੇਘਰ ਮਾਣਕ ਸਾਹਿਬ ਨੂੰ ਮਿਲ ਕੇ ਸਾਰੀ ਵਾਰਤਾ ਦੱਸੀ । ਇਹ ਗੀਤ ਸੁਣ ਕੇ ਮਾਣਕ ਸਾਹਿਬ ਨੇ -ਹ ਰਿਕਾਰਡ ਕਰ ਦਿੱਤਾ। ਉਸੇ ਦਿਨ ਤੋਂ ਸਾਡੇ ਪਿੰਡ ਦੇ ਭੱਟੀ ਪਰਿਵਾਰ ਤੇ ਕੁੱਝ ਹੋਰ ਚਾਹੁੰਣ ਵਾਲੇ ਦੋਸ਼ਤ ਚਾਚਾ ਜੀ ਨੂੰ ਨੈਬ ਗੁਆਂਢੀ ਦੇ ਨਾਮ ਨਾਲਪੁਕਾਰਦੇ ਹਨ। ਇਹ ਸਟੋਰੀ ਮੈਨੂੰ ਭੱਟੀ ਪਰਿਵਾਰ ਦੇ ਦਲਜੀਤ ਘੋਲੂ ਦੇ ਦੱਸੀ ਸੀ ਪਰ ਇਹਦੇ ਵਿੱਚ ਪਤਾ ਨਹੀਂ ਕਿੰਨੇ ਪ੍ਰਤੀਸ਼ਤ ਸਚਾਈ ਹੈ।ਸੋ ਸਾਡੇ ਪਿੰਡ ਵਿੱਚ ਕੁਝ ਪਰਿਵਾਰ ਭਾਵੇਂ ਉਹ ਗੈਰ ਜਮੀਨੇ ਹਨ ਪਰ ਉਹ ਪਰਿਵਾਰ ਹੈ ਬਹੁਤ ਪੜ੍ਹੇ ਲਿਖੇ। ਜਿਹਨਾਂ ਵਿੱਚ ਭੱਟੀ ਪਰਿਵਾਰ ਤੇ ਬਖਤੌਰ ਸਿੰਘ ਦਾ ਪਰਿਵਾਰ,,, ਇਹਨਾਂ ਪਰਿਵਾਰਾਂ ਨਾਲ ਸਾਡੇ ਪਰਿਵਾਰ ਦਾ ਦਿਲੋਂ ਮੋਹ ਹੈਗਾ। ਮੈਨੂੰ ਇੱਕ ਦਿਨ ਮਨਜੀਤ ਮਾਨ ਅੰਕਲ ਨੇ ਦੱਸਿਆ ਵੀ ਮੈਂ ਤੇ ਤੇਰਾ ਨੈਬ ਗੁਆਂਢੀ ਚਾਚਾ ਤੁਹਾਡੀ ਹਵੇਲੀ ਵਿੱਚ ਇੱਕਠੇ ਇੱਕ ਬਰਤਨ ਵਿੱਚ ਰੋਟੀ ਖਾ ਰਹੇ ਸਾਂ ਤਾਂ ਪਿੰਡ ਦੇ ਨੁਮਾਂਇੰਦੇ ਵੋਟਾਂ ਮੰਗਣ ਆਏ ਤਾਂ ਵੇਖ ਕੇ ਹੈਰਾਨ ਹੋਏ ਕਿਉਂਕਿ ਇੱਕ ਰਮਦਾਸੀਏ ਦਾ ਮੁੰਡਾ ਜੱਟਾਂ ਦੇ ਮੁੰਡੇ ਨਾਲ ਜੂਠੀ ਰੋਟੀ ਖਾ ਰਿਹਾ ਹੈ। ਸੋ ਸਾਡੇ ਪਰਿਵਾਰ ਵਿੱਚ ਜਾਤੀ ਭੇਦਭਾਵ ਪਹਿਲਾਂ ਤੋਂ ਹੀ ਖਤਮ ਸੀ।ਸੋ ਮੈਂ ਇਹ ਗੱਲ ਸਾਂਝੀ ਕਰਕੇ ਮਾਣ ਮਹਿਸੂਸ ਕਰ ਰਿਹਾ ਹਾਂ। ਮਾਣਕ ਸਾਹਿਬ ਜੀ ਦਾ ਇਹ ਗੀਤ ਅੱਜ ਵੀ ਜਦੋਂ ਸੁਣਦਾ ਹਾਂ ਤਾਂ ਪਾਪਾ ਜੀ ਦੇ ਪੰਜੇ ਮਾਮੇ ਮੈਨੂੰ ਬਹੁਤ ਵਧੀਆ ਲਗਦੇ ਹਨ। ਕਿ ਕਿਵੇਂ ਭਰਾ ਆਪਣੀ ਭੈਣ ਦੀ ਮੱਦਦ ਕਰਦੇ ਹਨ। ਅੱਜ ਕੱਲ ਪਹਿਲਾਂ ਤਾਂ ਹੈ ਈ ਹਰ ਇੱਕ ਦੇ ਕੱਲਾ ਕੱਲਾ ਬੱਚਾ ਹੈ। ਫ਼ੇਰ ਹੁਣ ਦੇ ਭਰਾ ਵੀ ਕਈ ਵਾਰੀ ਸੋਚਦੇ ਹਨ ਕਿ ਮੇਰੇ ਤੇ ਪਰਚਾ ਨਾ ਦਰਜ ਹੋ ਜਾਵੇ। ਸੋ ਵੀਰੋ ਅੱਜ ਤੋਂ ਚਾਰ ਪੰਜ ਦਹਾਕੇ ਪਹਿਲਾਂ ਲੋਕ ਆਪਣੇ ਭੈਣ ਭਰਾਵਾਂ ਤੇ ਖੂਨ ਡੋਲ੍ਹਦੇ ਸਨ। ਹੁਣ ਲੋਕਾਂ ਕੋਲ ਸਮਾਂ ਈ ਨਹੀਂ ਕਿਸੇ ਕੋਲ ਦੂਸਰੇ ਦੀ ਮੱਦਦ ਲਈ। ਸੋ ਫੇਸਬੁੱਕ ਦੋਸਤੋਂ ਇਹ ਗੱਲ ਮੈਂ ਸਾਡੇ ਪਿੰਡ ਦੇ ਉਹਨਾਂ ਲੋਕਾਂ ਤੋਂ ਸੁਣੀ ਸੁਣਾਈ ਤੁਹਾਡੇ ਨਾਲ ਸਾਂਝੀ ਕੀਤੀ ਹੈ। ਜੇਕਰ ਕੋਈ ਸ਼ਬਦ ਵੱਧ ਘੱਟ ਲਿਖਿਆ ਗਿਆ ਹੋਵੇ ਤਾਂ ਮੁਆਫ਼ ਕਰਨਾ।


ਇਕਬਾਲ ਸਿੱਧੂ
ਭਾਈਕਾ ਮੰਡੀ ਕਲਾਂ ਬਠਿੰਡਾ
9464657900

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)



ਪੰਜਾਬ ਤੋਂ ਪੰਜਾਬੀ ਸਟਾਈਲ ਦੇ ਸੂਟ
ਵਿਆਹ ਭਾਂਵੇ ਕਨੇਡਾ ਹੋਵੇ ਜਾਂ ਪੰਜਾਬ ਜਾਕੇ ਕਰਨਾ ਐ !
ਬਠਿੰਡਾ ਨੇਹਚਲ ਸਟੂਡਿਓ ਤਾਂ ਵਿਆਹ ਵਿੱਚ
ਸ਼ਾਮਿਲ ਜਰੂਰ ਹੋਵੇਗਾ ਕਿਉਂਕਿ ਉਹੋ ਜਿਹੇ ਸੂਟ
ਤੁਹਾਨੂੰ ਹੋਰ ਕਿਤੋਂ ਮਿਲ ਈ ਨਹੀਂ ਸਕਦੇ
Nehchhal Vogue Studio
Bathinda (PB)
ਰੇਟ ਤੁਹਾਡੀ ਜੇਬ ਦੇ ਹਾਣੀ ਹੋਣਗੇ
Hand- Machine Embroidery,
Indian Bridal Lehnga's, Tailoring,
(Hand, Block, Screen Painting), Sarees.....
Enjoy The Boutique Designer Attires
But Not At Boutique Price
73407 84137
ਆਨ ਲਾਈਨ ਆਰਡਰ ਅਤੇ ਹਵਾ ਦੇ ਬੁੱਲਿਆਂ ਵਾਂਗ ਡਲਿਵਰੀ ਤੁਹਾਡੇ ਘਰ ਹੁੰਦੀ ਹੈ



# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਪੰਜਾਬ ਰਹਿ ਰਹੇ ਰਾਮਦਾਸੀਆ ਸਿੱਖ ਪਰਿਵਾਰ ਦੇ ਲੜਕੇ ਉਮਰ 30 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਬੀ ਫਾਰਮੇਸੀ , ਅਤੇ ਹੁਣ ਸਿਵਲ ਹਸਪਤਾਲ ਵਿੱਚ ਜੌਬ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ,ਸਿਟੀਜਨ , ਸਟੂਡੈਂਟ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦੀ ਭੈਣ ਕਨੇਡਾ ਪੱਕੇ ਤੌਰ ਤੇ ਸੈਟਲ ਹੈ ।ਵਟਸ ਐਪ ਵੀ ਕਰ ਸਕਦੇ ਹੋ। ਸੰਪਰਕ : 514 250 1387 ਜਾਂ 919872028861 ***180***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੈਚੂਲਰ ਬਿਜਨਿਸ ਐਡਮਨਿਸਟ੍ਰੇਸਨ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਮੈਡੀਕਲ ਫੀਲਡ ਵਾਲੀ ਲੜਕੀ ਦੇ ਰਿਸਤੇ ਨੂੰ ਤਰਜੀਹ ਦਿੱਤੀ ਜਾਵੇਗੀ।ਸੰਪਰਕ: 778 598 8311,604 300 6267 ਜਾਂ ਇੰਡੀਆ: 01191 99 147 15670 ***180***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿ ਰਹੇ ਰਾਇ ਪਰਿਵਾਰ ਦੇ ਲੜਕੇ ਉਮਰ 24 ਸਾਲ ਕੱਦ 5 ਫੁੱਟ 11 ਇੰਚ ਲਈ ਕਨੇਡੀਅਨ ਪੀ ਆਰ, ਸਟੂਡੈਂਟ ਵਿਜਟਿਰ,ਜਾਂ ਵਰਕ ਪਰਮਿਟ ਉੱਪਰ ਆਈ ਕਨੇਡਾ ਵਿੱਚ ਹੀ ਰਹਿੰਦੀ ਲੜਕੀ ਦੇ ਰਿਸਤੇ ਦੀ ਲੋੜ ਹੈ।ਲੜਕੇ ਦੀ ਫੈਮਿਲੀ ਸੈਸਕੈਚਵਾਨ ਵਿੱਚ ਹੀ ਸੈਟਲ ਹੈ।ਲੜਕੇ ਦੀ ਭੈਣ ਦਾ ਕਨੇਡਾ ਵਿੱਚ ਆਪਣਾ ਕਾਰੋਬਾਰ ਹੈ ਜੋ ਲੜਕੇ ਨੂੰ ਕਨੇਡਾ ਸੈਟਲ ਹੋਣ ਵਿੱਚ ਮੱਦਦ ਕਰ ਸਕਦੀ ਹੈ।ਸੰਪਰਕ: 306 316 9140 ਜਾਂ 011 91 84278 30417 ਈ ਮੇਲ: kaurkaramsidhu@gmail.com ***180***

## ਲੜਕੇ ਦੀ ਲੋੜ

ਪੰਜਾਬ ਰਹਿ ਰਹੀ ( ਟਾਂਕ ਕਸੱਤਰੀ ,ਛੀਬਾ ) ਮੰਘੇਰਾ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 26 ਸਾਲ,ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ -ਬੀ ਕਾਮ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ।ਮੋਗਾ ਜਿਲੇ ਨਾਲ ਸਬੰਧਿਤ ਲੜਕੀ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ।ਸਟੂਡੈਂਟ ਜਾਂ ਵਰਕ ਪਰਮਿਟ ਉੱਪਰ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ । ਸੰਪਰਕ: 587.323.6837ਜਾਂ 587.897.3114 ***180***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਵੈਸਨੂੰ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 30 ਸਾਲ , ਕੱਦ 5 ਫੁੱਟ, ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ। ਵਿਨੀਪੈਗ ਵਾਸੀ, ਮੋਗਾ, ਜਗਰਾਓਂ,ਕੋਟਕਪੂਰਾ ਇਲਾਕੇ ਨੂੰ ਪਹਿਲ। ਵਰਕ ਪਰਮਿਟ ਜਾਂ ਵਿਜਟਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ।ਸੰਪਰਕ: 431 374 7448 ਜਾਂ 204 414 5277 ***180***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ , ਧਾਲੀਵਾਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ, ਉਮਰ 25 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ licensed practical Nurse ਲਈ ਹਾਣ ਪਰਵਾਣ ਦੇ ਸੋਹਣੇ ਸੁਨੱਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਸੰਪਰਕ 403 850 6263 ***179***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ , ਜੱਟ ਸਿੱਖ ਪਰਿਵਾਰ ਦੇ ਤਲਾਕ ਸੁਦਾ ਵੈਸਨੂੰ ਲੜਕੇ ਉਮਰ 35 ਸਾਲ ,ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਤਲਾਕਸ਼ੁਦਾ, ਵਿਜਟਿਰ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਵਿਨੀਪੈਗ ਨੂੰ ਪਹਿਲ ।ਸੰਪਰਕ: 431 556 4986 ***178***

## ਲੜਕੀ ਦੀ ਲੋੜ

Looking for suitable match for single never married 36-year-old Arora Sikh boy born in Canada. Height 5'-8". Fair complexion. Educated, bachelor's degree in criminology from Canada. Currently working for the Federal Government. Contact: telephone 403-208-2354 or e-mail saamlak@yahoo.com ***178***

## ਲੜਕੀ ਦੀ ਲੋੜ

ਪਰਮਾਨੈਂਟ ਰੈਜੀਡੈਂਸੀ ਹੋਲਡਰ ਨਿਊਜੀਲੈਂਡ, ਨਿਊਜੀਲੈਂਡ ਤੋਂ ਹੀ ਵਿਦਿਆ ਪ੍ਰਾਪਤ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 27 ਸਾਲ , ਕੱਦ 5 ਫੁੱਟ 11 ਇੰਚ, ਲਈ ਕਨੇਡਾ ਤੋਂ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ । ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 403 437 9061 ***177***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿ ਰਹੇ ਖੰਗੂੜਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 26 ਸਾਲ , ਕੱਦ 5 ਫੁੱਟ 11 ਇੰਚ , ਵਿਦਿਅਕ ਯੋਗਤਾ ਇਨਫਾਰਮੇਸਨ ਟੈਕਨੋਲਜੀ ਤਿੰਨ ਸਾਲ ਡਿਪਲੋਮਾ ਹੋਲਡਰ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦੀ ਸਾਰੀ ਫੈਮਿਲੀ ਕਨੇਡਾ ਵਿੱਚ ਹੀ ਸੈਟਲ ਹੈ ।ਸੰਪਰਕ: 403 680 8300 ਜਾਂ 403 589 4209 ***177***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਲਈ ਲੜਕੀ ਦੇ ਰਿਸਤੇ ਦੀ ਲੋੜ ਹੈ।ਲੜਕੇ ਦਾ ਅਲਬਰਟਾ ਸੂਬੇ ਅੰਦਰ ਆਪਣਾ ਬਿਜਨਿਸ ਹੈ।ਸੰਪਰਕ: 587 438 4041 ***177***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜੀਆ ਪਰਿਵਾਰ ਦੀ ਚੰਗੀ ਪੜੀ ਲਿਖੀ ਗੁਰਸਿੱਖ,ਤਲਾਕਸੁਦਾ ਲੜਕੀ ਉਮਰ 35 ਸਾਲ ਕੱਦ 5 ਫੁੱਟ 3 ਇੰਚ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 587 700 8715 ***173***

## ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌਂ ਲੋੜ ਹੈ ।ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ।ਸੰਪਰਕ: 587 917 5911 ਜਾਂ 403 702 2524 ***182***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 587 917 5911 ਜਾਂ 403 702 2524 ***182***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ ,ਕੱਦ 6 ਫੁੱਟ 2 ਇੰਚ ,ਵਿਦਿਅਕ ਯੋਗਤਾ: ਲਵਲੀ ਯੁਨੀਵਰਿਸਟੀ ਤੋਂ ਕੰਪਿਊਟਰ ਸਾਇੰਸ ਤੋਂ ਬੀ ਟੈਕ,ਅਤੇ ਹੁਣ ਕਨੇਡਾ ਵਿੱਚ ਚੰਗੀ ਨੌਕਰੀ ਕਰਦੇ ਲੜਕੇ ਲਈ ਹਾਣ ਪਰਵਾਣ ਦੀ ਮੈਡੀਕਲ ਕਿੱਤੇ ਨਾਲ ਸਬੰਧਿਤ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕਾ ਸਾਲ 2011 ਤੋਂ ਕਨੇਡਾ ਰਹਿ ਰਿਹਾ ਹੈ। ਲੜਕੀ ਦਾ ਰਿਸਤਾ ਕਨੇਡਾ ਤੋਂ ਹੀ ਚਾਹੀਦਾ ਹੈ ਸੰਪਰਕ: 403 689 6471ਜਾਂ 403 861 2250***176***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਧਾਲੀਵਾਲ ਪਰਿਵਾਰ ਦੇ ਇਕਲੌਤੇ ਲੜਕੇ ਉਮਰ 23 ਸਾਲ, ਕੱਦ 5 ਫੁੱਟ 10 ਇੰਚ , ਵਿਦਿਅਕ ਯੋਗਤਾ ਪਲੱਸ ਟੂ ਵਿਦ ਨਾਨ ਮੈਡੀਕਲ , ਤਿੰਨ ਸਾਲ ਦੇ ਮਕੈਨਿਕ ਡਿਪਲੋਮਾਂ, ਪੰਜਾਬ ਵਿੱਚ 18 ਏਕੜ ਜਮੀਨ ਦੇ ਮਾਲਕ ਲਈ ਕਨੇਡੀਅਨ ਪੀ ਆਰ ਜਾਂ ਅਮਰੀਕਨ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦੇ ਮਾਤਾ ਪਿਤਾ ਅਮਰੀਕਨ ਸਿਟੀਜਨ ਹਨ ।ਸੰਪਰਕ: 403 604 2861***176***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਤਲਾਕਸੁਦਾ ,ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 30 ਸਾਲ , ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਏ, ਕੈਲਗਰੀ ਵਾਸੀ ਲਈ ਯੋਗ ਵਰ ਦੀ ਲੋੜ ਹੈ। ਸਿਰਫ ਦੁਆਬਾ ਇਲਾਕੇ ਨਾਲ ਸਬੰਧਿਤ ਪਰਿਵਾਰ ਹੀ ਸੰਪਰਕ ਕਰਨ।ਕਾਲ: 403 998 8473 ***176***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਸੋਹਣੇ ਸੁਨੱਖੇ ਲੜਕੇ ਟਾਂਕ ਕਸੱਤਰੀ-ਖੁਰਪਾ ,ਭੱਲਾ ਪਰਿਵਾਰ ਦੇ ਅਣਵਿਆਹੇ ਲੜਕੇ ਉਮਰ 39 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀਏ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 905 783 0784 ***176***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਲੜਕੇ ,1994, 5 ਫੁੱਟ,10 ਇੰਚ, ਲਈ ਕਨੇਡੀਅਨ ਪੀਆਰ ,ਵਰਕ ਪਰਮਿਟ ਜਾਂ ਘੱਟੋ ਘੱਟ 6.5 ਬੈਂਡ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦੀ ਵੱਡੀ ਭੈਣ ਕਨੇਡੀਅਨ ਸਿਟੀਜਨ ਹੈ।ਵਟਸਐਪ: 001 204 998 5221 ***175***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਸੰਧੂ ਪਰਿਵਾਰ ਦੇ ਲੜਕੇ ਉਮਰ 38 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਗਰੇਡ 12 ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ।ਅਸੀਂ ਸਧਾਰਣ ਰਹਿਣੀ ਬਹਿਣੀ ਵਾਲੀ ਲੜਕੀ ਦੇਖ ਰਹੇ ਹਾਂ । ਹਲਕੀ ਅਪਾਹਜਤਾ ਵੀ ਵਿਚਾਰਨਯੋਗ ਹੈ। ਲੜਕਾ ਸਰਾਬ ਜਾਂ ਸਿਗਰਟਨੋਸੀ ਤੋਂ ਬਿਲਕੁੱਲ ਮੁਕਤ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕ ਸੁਦਾ ਬਿਨਾ ਬੱਚੇ ਤੋਂ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ।ਕਾਲ: 587 889 1585 ਜਾਂ 403 285 5195 ***175***

## ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਪੰਜਾਬ ਰਹਿੰਦੇ ਲੜਕੇ ਉਮਰ 31 ਸਾਲ, ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ : ਆਟੋ ਮੋਬਾਇਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦੇ ਭੈਣ ਭਰਾ ਅਤੇ ਮਾਪੇ ਕਨੇਡਾ ਪੱਕੇ ਤੌਰ ਤੇ ਸੈਟਲ ਹਨ। ਵਰਕ ਪਰਮਿਟ, ਜਾਂ ਸਟੂਡੈਂਟ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕਾਲ: 780 600 3600 ***175***

## ਲੜਕੀ ਦੀ ਲੋੜ

Gill Jat Sikh parents seeking a well-educated girl for their 27 years old son, 6 feet, teetotaler, graduated from a Canadian University and working as a Civil Engineer in Calgary, AB. Well settled family in Calgary, and Punjab (Malwa), possess urban-rural properties. Please share photos and particulars at first instance. +91-94177-58985 (IND), +1(306)850-5505 (CA) or email at gillwed2020@gmail.com.***175***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ, ਗੁਰਸਿੱਖ ਪਰਿਵਾਰ ਦੀ ਅੰਮ੍ਰਿਤਧਾਰੀ ਤਲਾਕ ਸੁਦਾ ਲੜਕੀ ,ਉਮਰ 33 ਸਾਲ, ਕੱਦ 5 ਫੁੱਟ 3 ਇੰਚ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ। ਸਿਰਫ ਉਹੀ ਸੰਪਰਕ ਕਰਨ ਜੋ ਲੜਕੀ ਦੇ ਨਾਲ ਰਹਿੰਦੀ ਉਸਦੀ 9 ਸਾਲ ਦੀ ਬੇਟੀ ਨੂੰ ਅਡੋਪਟ ਕਰ ਸਕਦਾ ਹੋਵੇ । ਤਲਾਕ ਸੁਦਾ ਲੜਕੇ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ ।: 587 917 0234***175***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ , ਰਾਮਗੜੀਆਂ ਮਠਾੜੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 28 ਸਾਲ, ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ: ਯੂਨੀਵਰਿਸਟੀ ਆਫ ਕੈਲਗਰੀ ਤੋਂ ਆਰ ਐਨ, ਬੀਐਸ ਐਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਤੋਂ ਹੀ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 403 402 9508 ***175***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 32 ਸਾਲ ,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ BA, PGDCA, MSC ਲਈ ਹਾਣ ਪ੍ਰਵਾਣ ਦੇ ਕਨੇਡੀਅਨ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 587 891 3187 *** 174***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੇ ਵੈੱਲ ਸੈਟਲਡ ਉਮਰ 30 ਸਾਲ , ਕੱਦ 5 ਫੁੱਟ 10 ਇੰਚ , ਕੈਲਗਰੀ ਵਿੱਚ ਆਪਣੇ ਘਰ ਦੇ ਮਾਲਕ ਅਤੇ ਚੰਗਾ ਬਿਜਨਿਸ ਚਲਾ ਰਹੇ ਸੋਹਣੇ ਸੁਨੱਖੇ ਲੜਕੇ ਲਈ ਪੜੀ ਲਿਖੀ,ਲੰਬੀ,ਸੁੰਦਰ ਸਸੀਲ , ਛੋਟੀ ਉਮਰ ਵਾਲੀ ਖਾਨਦਾਨੀ ਲੜਕੀ ਦੇ ਰਿਸਤੇ ਦੀ ਲੋੜ ਹੈ । ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲੀ ਕਨੇਡੀਅਨ ਪੀ ਆਰ ਲੜਕੀ ਨੂੰ ਪਹਿਲ। ਕਿਰਪਾ ਕਰਕੇ ਪਹਿਲਾਂ ਲੜਕੀ ਦੀਆਂ ਫੋਟੋਆਂ , ਪਰਿਵਾਰਕ ਜਾਣਕਾਰੀ, ਵਟਸਐਪ ਕਰੋ । ਇੰਡੀਆ ਰਹਿੰਦੀ ਸੁੰਦਰ ਲੜਕੀ ਵੀ ਵਿਚਾਰਨਯੋਗ ਹੋ ਸਕਦੀ ਹੈ । (Prenapture Must) ਸੰਪਰਕ ਫੋਨ ਕਾਲ ਜਾਂ ਵਟਸਐਪ ਕਰ ਸਕਦੇ ਹੋ : : 587 429 7878 , ਇੰਡੀਆ : 9815093010 *** 174***

## ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਕਨੇਡੀਅਨ ਸਿਟੀਜਨ ਲੜਕੇ ,ਉਮਰ 27 ਸਾਲ ਲਈ ਪੜੀ ਲਿਖੀ ਸੁੰਦਰ ਲੜਕੀ ਦੇ ਰਿਸਤੇ ਦੀ ਜਰੂਰਤ ਹੈ। ਲੜਕੀ ਦਾ ਕੱਦ 5 ਫੁੱਟ 4 ਇੰਚ ਤੋਂ ਘੱਟ ਨਾ ਹੋਵੇ। ਸਿਰਫ ਉਹੀ ਸੰਪਰਕ ਕਰਨ ਜੋ ਇਸ ਵੇਲੇ ਕਨੇਡਾ ਵਿੱਚ ਹੀ ਹੋਣ ਉਹ ਚਾਹੇ ਵਰਕ ਪਰਮਿਟ ਜਾਂ ਸਟੂਡੈਂਟ ਵੀ ਹੋ ਸਕਦੇ ਹਨ।ਮਾਲਵਾ ਇਲਾਕੇ ਨੂੰ ਪਹਿਲ। ਕਾਲ: 587 966 4139 ਜਾਂ 403 918 2416 ***174***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 27 years old daughter. She is a Engineering Graduate from Canadian University and working with a reputed company. Boy should be professionally qualified and graduate from Canadian University (Doctor, Dentist, Lawyer, Engineer) and working in Canada. Contact: (403) 828 7973 or acheema8811@gmail.com*** 174***

## ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਪੰਜਾਬ ਦੇ ਜੰਮਪਲ, ਕਨੇਡੀਅਨ ਸਿਟੀਜਨ ਲੜਕੇ ਉਮਰ 26 ਸਾਲ, ਕੱਦ 5 ਫੁੱਟ 11 ਇੰਚ,ਲਈ ਸੋਹਣੀ ਸੁਨੱਖੀ,ਪੜੀ ਲਿਖੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 204 999 9481 ਜਾਂ 204 998 7241 *** 174***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਪਰਿਵਾਰ ਦੇ ਵੈਸਨੂੰ ਤਲਾਕਸੁਦਾ ਲੜਕੇ , ਉਮਰ 35 ਸਾਲ ,ਕੱਦ 5 ਫੁੱਟ 9 ਇੰਚ ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਪਹਿਲਾ ਵਾਲੇ ਵਿਆਹ ਵਿੱਚੋਂ ਇੱਕ ਲੜਕੀ ਉਮਰ 7 ਸਾਲ ,ਉਹ ਬਾਪ ਦੇ ਨਾਲ ਹੀ ਰਹਿੰਦੀ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 1 780 340 2434 ***173***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਕੈਲੇ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ 3 ਸਾਲਾ ਇਲੈਕਟ੍ਰੀਕਲ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਅਤੇ ਮਾਪੇ ਕਨੇਡਾ ਪੱਕੇ ਤੌਰ ਤੇ ਸੈਟਲ ਹਨ ਜੋ ਲੜਕੇ ਨੂੰ ਵਿਆਹ ਉਪਰੰਤ ਕਨੇਡਾ ਸੈਟਲ ਹੋਣ ਵਿੱਚ ਮੱਦਦ ਕਰ ਸਕਦੇ ਹਨ। ਸਟੂਡੈਂਟਸ ਜਾਂ ਵਰਕ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ : 587 968 0064 raman13088@yahoo.com ***173***

## ਲੜਕੇ ਦੀ ਲੋੜ

ਪੰਜਾਬ ਦੇ ਮੋਗਾ ਜਿਲੇ ਨਾਲ ਸਬੰਧਿਤ ਬਰਾੜ ਪਰਿਵਾਰ ਦੀ ਕਨੇਡਾ ਰਹਿ ਰਹੀ ਲੜਕੀ ਉਮਰ 28 ਸਾਲ, ਕੱਦ 5 ਫੁੱਟ 5 ਇੰਚ, ਇੰਡੀਆ ਤੋਂ ਬੀ ਟੈਕ ਦੀ ਡਿਗਰੀ ਉਪਰੰਤ ਕਨੇਡਾ ਵਿੱਚ 2 ਸਾਲ ਦੀ ਸਟੱਡੀ ਅਤੇ ਹੁਣ 3 ਸਾਲ ਦਾ ਕਨੇਡੀਅਨ ਵਰਕ ਪਰਮਿਟ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੇ ਰਿਸਤੇ ਦੀ ਲੋੜ ਹੈ । ਵਿਨੀਪੈਗ ਰਹਿੰਦੇ ਮੋਗਾ ਅਤੇ ਬਠਿੰਡਾ ਜਿਲਾ ਦੇ ਪਰਿਵਾਰਾਂ ਨੂੰ ਪਹਿਲ ।ਸੰਪਰਕ: 431 335 3127 ***173***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਨਸਾ ਰਹਿਤ, ਹਿਊਮਨ ਰਿਸੋਰਸ ਡਿਪਲੋਮਾਂ ਹੋਲਡਰ, ਵਿਨੀਪੈਗ ਟਰਾਂਜਿਟ ਵਿੱਚ ਸੁਪਰਵਾਈਜਰ ਦੀ ਜੌਬ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 204 908 0011 ਜਾਂ 204 955 9199 **173**

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

**ਕੈਲਗਰੀ-403 640 2000**
**ਐਡਮਿੰਟਨ-780 599 2000 ਸੈਸਕਾਟੂਨ 639 999 1000**
**ਰੀਜਾਇਨਾ- 639 999 1000, ਵਿਨੀਪੈੱਗ- 431 733 3000**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ , ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ, ਸੇਟ ਕਾਲਿਜ ਕੈਲਗਰੀ ਤੋਂ ਇਲੈਟਰੀਕਲ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਹੈ ਅਤੇ ਬਿਜਨਿਸ ਦੇ ਤੌਰ ਤੇ ਆਪਣੀ ਹੀ ਇਲੈਕਟਰੀਕਲ ਕੰਪਨੀ ਚਲਾ ਰਿਹਾ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ : 403 926 3620 **172**

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 20 ਸਾਲ, ਕੱਦ 5 ਫੁੱਟ 10 ਇੰਚ , ਵਿਦਿਅਕ ਯੋਗਤਾ ਪਲੱਸ ਟੂ, ਲਈ ਕਨੇਡਾ ਤੋਂ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੇ ਦਾ ਬਾਕੀ ਸਾਰਾ ਪਰਿਵਾਰ ਕਨੇਡਾ ਵਿੱਚ ਸੈਟਲ ਹੈ ,ਉਹ ਲੜਕੇ ਨੂੰ ਕਨੇਡਾ ਸੈਟਲ ਹੋਣ ਵਿੱਚ ਉਸਦੀ ਮੱਦਦ ਵੀ ਕਰ ਸਕਦੇ ਹਨ। ਸੰਪਰਕ: 587 707 3542 ਜਾਂ 403 918 6462 ***172***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ , ਉਮਰ 30 ਸਾਲ ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਐਮ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਪੱਕੇ ਤੌਰ 'ਤੇ ਸੈਟਲ ਹੈ। ਸਟੂਡੈਂਟ ਜਾਂ ਵਿਜਟਿਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 825 712 3370 ਜਾਂ 587 349 0901 ***172***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ ।ਸੰਪਰਕ: 403 615 0583 **190**

## ਲੜਕੇ ਦੀ ਲੋੜ

ਜੱਟ ਸਿੱਖ ਤਤਲਾ ਪਰਿਵਾਰ ਦੀ ਪੰਜਾਬ ਰਹਿੰਦੀ ਅੰਮ੍ਰਿਤਧਾਰੀ ਲੜਕੀ ਉਮਰ 24 ਸਾਲ ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ BSC Nursing ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਅੰਮ੍ਰਿਤਧਾਰੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਭਰਾ ਭਰਜਾਈ ਕੈਲਗਰੀ ਵਿੱਚ ਪੱਕੇ ਤੌਰ 'ਤੇ ਸੈਟਲ ਹਨ। ਲੜਕੀ ਅਤੇ ਲੜਕੀ ਦੇ ਮਾਤਾ ਪਿਤਾ ਕੋਲ ਕਨੇਡਾ ਦਾ ਵਿਜਟਰ ਵੀਜਾ ਹੈ। ਵਿਆਹ ਇੰਡੀਆ ਜਾਂ ਕੈਲਗਰੀ ਵੀ ਕੀਤਾ ਜਾ ਸਕਦਾ ਹੈ।ਸੰਪਰਕ: 587 968 5620 **172**

**Hiring !**

Daffodils Cargo Logistics Inc. is looking for Class 1 Drivers for Long - Haul Best pay packages upto 58 cents per mile Applicants should have minimum of 7 - 12 months driving experience Please contact with your driving license and commercial driving abstract

**Email : dclogistics4@gmail.com**
**Phone : 204-396-1696 , 204-891-0031**

**ਟਰੱਕ ਡਰਾਈਵਰਾਂ ਦੀ ਲੋੜ**

0-2 years of experience,
Please contact us
VADDA BHAI
Contact:
Gagan Bains
VADDA BHAI
ACE OF SPADES INC
T: 1-825-733-0030
Email Resume to:
gagan@vbaspades.com
ACE OF SPADES INC

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ। ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ:**
**403 680 0436**

## ਨੈਨੀ ਦੀ ਲੋੜ

ਕੈਲਗਰੀ ਵੱਸਦੇ ਪੰਜਾਬੀ ਪਰਿਵਾਰ ਨੂੰ ਨੈਨੀ ਦੀ ਜਰੂਰਤ ਹੈ। ਪੰਜਾਬੀ ਜੁਬਾਨ ਬੋਲਣੀ ਆਉਂਦੀ ਜਰੂਰੀ ਹੈ। ਰੋਟੀ ਪਾਣੀ ਸਮੇਤ ਘਰ ਦਾ ਸਾਰਾ ਕੰਮ ਕਰਨਾ ਆਉਣਾ ਚਾਹੀਦਾ ਹੈ । ਵਿਜਟਿਰ ਵੀਜੇ ਉੱਪਰ ਆਏ ਯੋਗ ਉਮੀਂਦਵਾਰ ਨੂੰ elderly care catagory ਪ੍ਰੋਗਰਾਮ ਤਹਿਤ ਸਪਾਂਸਰ ਵੀ ਕੀਤਾ ਜਾ ਸਕਦਾ ਹੈ । ਯੋਗ ਤਨਖਾਹ ਦਿੱਤੀ ਜਾਵੇਗੀ ।ਸੰਪਰਕ: 403 200 6735 ***174***

# ਸੰਸਾਰ ਸਭ ਤੋਂ ਵੱਡੇ ਜਹਾਜ ਕੈਲਗਰੀ ਏਅਰਪੋਰਟ ਉੱਪਰੋਂ ਉੱਡਣੇ ਸ਼ੁਰੂ ਹੋਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੰਸਾਰ ਦੇ ਸਭ ਤੋਂ ਵੱਡੇ ਅਤੇ ਵਿਸ਼ਾਲ ਹਵਾਈ ਜਹਾਜ਼ਾ ਵਿੱਚੋਂ ਇੱਕ ਨੇ ਕੈਲਗਰੀ ਦੇ ਇੰਟਰਨੈਸ਼ਨਲ ਏਅਰਪੋਰਟ ਤੋਂ ਉਡਾਨ ਭਰੀ ਹੈ। ਮਾਲ ਢੋਣ ਵਾਲੇ ਇਸ ਜਹਾਜ਼ ਵਿੱਚ ਬਹੁਤ ਹੀ ਆਧੁਨਿਕ ਅਤੇ ਸੋਫਿਸਟਿਕੇਟਿਡ ਸਾਜ਼ੋ ਸਾਮਾਨ ਮਿਡਲ ਈਸਟ ਨੂੰ ਰਵਾਨਾ ਕੀਤਾ ਗਿਆ ਹੈ। ਸੋਵੀਅਤ ਯੂਨੀਅਨ ਵੇਲੇ ਤਿਆਰ ਹੋਏ ਐਂਟੋਨੋਂਵ-ਏ.ਐਨ.-124 ਕਿਸਮ ਦੇ ਇਸ ਮਾਲ ਵਾਹਕ ਜਹਾਜ਼ ਵਿੱਚ 150 ਟੰਨ ਵਜ਼ਨੀ ਸਮਾਨ ਭੇਜਿਆ ਜਾ ਸਕਦਾ ਹੈ। ਮਿਡਲ ਈਸਟ ਦੇ -ਮਾਨ ਦੇਸ਼ ਵਾਸਤੇ - ਕੋਟੋਕਸ ਦੀ ਹਾਇਵੁਡ ਐਕੁਇਪਮੈਂਟ ਟੈਕਨੋਲੋਜੀਜ਼ ਨੇ ਤੇਲ ਕੱਢਣ ਵਾਲੇ ਸਾਜ਼ੋ-ਸਮਾਨ ਨੂੰ ਤਿਆਰ ਕਰਕੇ ਉਥੇ ਭੇਜਿਆ ਹੈ। ਦੋ ਰਿਗਜ਼ ਤਿਆਰ ਕੀਤੇ ਗਏ ਹਨ ਤੇ ਦੋਵਾਂ ਦਾ ਵਜ਼ਨ 130 ਮੀਟ੍ਰਿਕ ਟੰਨ ਦੇ ਕਰੀਬ ਹੈ। ਤੀਜਾ ਰਿਗ ਵੀ ਤਿਆਰ ਕੀਤਾ ਜਾ ਰਿਹਾ ਹੈ ਤੇ ਇਸ ਨੂੰ ਵੀ ਜਲਦੀ ਰਵਾਨਾ ਕੀਤਾ ਜਾਵੇਗਾ। ਐਲਬਰਟਾ ਵੱਲੋਂ ਇਸ ਤਰ੍ਹਾਂ ਦਾ ਸਾਮਾਨ ਤਿਆਰ ਕਰਕੇ ਭੇਜਣ ਦਾ ਇਹ ਪਹਿਲਾ ਮਾਮਲਾ ਹੈ ਤੇ ਅਜਿਹੇ ਹੋਰ ਪ੍ਰੋਜੈਕਟ ਮਿਲਣ ਦੀ ਸੰਭਾਵਨਾ ਬਣ ਗਈ ਹੈ।

**Tractor Trucks for Lease**

Two Trucks for Lease
Volvo Trucks with Sleeper
Maintenance Free Lease
Minimum Six Months to Twelve Months Lease
Good for Local, Regional/Short-Haul
$5000.00 Down
$4000.00 Per Month
Some Restrictions Apply
Please Contact:

FRESH FREIGHT



**KulbirShergill Fresh Freight Ltd**
Phone or Text- 403-510-0070
Email: info@freshfreight.ca

**A-CHOICE DRIVING SCHOOL**
Bay# 324, 4774 Westwinds Dr NE
Calgary Alberta T3J 0L9
Tel: 403-473-1682



# ਕਿੱਥੇ ਨੇਗੀ ਢਿੱਪ ਕਿੱਥੇ ਬਠਿੰਡੇ ਦਾ ਕਿਲਾ



ਜਗਦੇਵ ਸਿੱਧੂ ਕੈਲਗਰੀ
403 351 1136




ਉਸ ਨੂੰ ਆਉਂਦਾ ਵੇਖ ਕੇ ਹੀ ਕਹਿ ਦਿੰਦੇ ਨੇ-- ਲ? ਬਈ ਆਉਂਦੈ ਗੇਂਦਾ ਮੈਂਬਰ, ਹੁਣ ਮੇਲ ਦੂ ਚੱਕ-ਭੁੱਚੋ ਦਾ ਸੰਨ੍ਹ। ਗੱਲ ਹੈ ਵੀ ਸੱਚੀ। ਗੇਂਦਾ ਸਿਉਂ ਨਾ ਸਿਰਫ਼ ਪਿੰਡ ਦੇ ਇਤਿਹਾਸ ਤੋਂ ਜਾਣੂ ਹੈ ਸਗੋਂ ਮਰ੍ਹਾਝ (ਮਹਿਰਾਜ ) ਤੋਂ ਉੱਠ ਕੇ ਸਿੱਧੂਆਂ ਦੇ ਬਾਬਾ ਆਲਾ ਸਿੰਘ ਨੇ ਕਿਵੇਂ ਰਾਜ ਸਥਾਪਤ ਕਰ ਕੇ ਪਟਿਆਲਾ ਵਸਾਇਆ, ਕਿਵੇਂਸਿੱਧੂ ਤੇ ਬਰਾੜ ਜੈਸਲਮੇਰ ਦੇ ਭੱਟੀ ਰਾਜਪੂਤਾਂ 'ਚੋਂ ਨਿਕਲੇ, ਕਿਵੇਂ ਬਠਿੰਡੇ ਦਾ ਕਿਲਾ ਬਣਿਆ, ਕੀਹਦੀ ਕਿੱਥੇ ਕੀ ਸਕੀਰੀਹੈ, ਪਤਾ ਨਹੀਂ ਉਸ ਨੂੰ ਇਨ੍ਹਾਂ ਗੱਲਾਂ ਦਾ ਕਿਵੇਂ ਗਿਆਨ ਹੋਇਆ ਅਤੇ ਉਪਰੋਂ ਕਮਾਲ ਇਹ ਕਿ ਸੱਤਰਾ-ਬਹੱਤਰਾ ਹੋਕੇ ਵੀ ਉਸ ਨੂੰ ਸਭ ਕੁਛ ਉਵੇਂ ਯਾਦ ਹੈ। ਉਹ ਇੱਕ ਹੱਥ ਦੀਆਂ ਉਂਗਲਾਂ ਜਿੰਨੀਆਂ ਜਮਾਤਾਂ ਪੜ੍ਹਿਐ ਪਰਕਵੀਸ਼ਰੀ ਵੀ ਜਾਣਦੈ ਤੇ ਕਵੀਸ਼ਰਾਂ ਬਾਰੇ ਵੀ ਹੈਰਾਨਕੁਨ ਜਾਣਕਾਰੀ ਰੱਖਦਾ ਹੈ--



ਬਾਬੂ ਰਜਬ ਅਲੀ ਖ਼ਾਨ ਹੋਵੇ ਚਾਹੇ ਮਰ੍ਹਾਝ ਵਾਲਾਚੰਦ ਸਿੰਘ ਹੋਵੇ ਜਾਂ ਗਿੱਲਾਂ ਵਾਲਾ ਮਾਘੀ ਸਿੰਘ ਹੋਵੇ ਤੇ ਜਾਂ ਫਿਰ ਬਰਗਾੜੀ ਵਾਲਾ ਪੰਡਿਤ ਕੇਸ਼ਾ ਨੰਦ। ਮਾਹੂਆਣੇ ਵਾਲੇਪੰਡਿਤ ਲਾਲ ਚੰਦ ਦੇ ਤਾਂ ਸਾਰੇ ਕੋੜਮੇ ਦੀਆਂ ਗੱਲਾਂ ਦੱਸ ਦਿੰਦਾ ਹੈ ਕਿਉਂਕਿ ਸੋਨੇ ਮੜ੍ਹਾਏ ਦੰਦ ਵਾਲਾ ਤਾਇਆਬਿਸ਼ਨ ਸਿੰਘ ਉਸ ਦਾ ਚੇਲਾ ਸੀ। ਮਾਘੀ ਸਿੰਘ ਦੇ ਇੱਕ ਛੰਦ ਦੀਆਂ ਇਹ ਸਤਰਾਂ ਤਾਂ ਉਹ ਆਮ ਹੀ ਗੁਣਗੁਣਾਉਂਦਾਰਹਿੰਦਾ ਹੈ--ਸਾਧ ਪੀ ਕੇ ਮੁਫ਼ਤ ਦਾ ਦੁੱਧ,ਰਖਦੇ ਚਾਲ ਚਲਣ ਨੀਂ ਸ਼ੁੱਧ,ਮਾਘੀ ਸਿੰਘ ਹੈ ਬਹੁਤ ਵਿਰੁੱਧ,ਖ਼ਰਾਬੀ ਕਰਦੇ ਭਾਰੀ ਐ।ਆਖੇ ਕੌਣ ਕਿਸੇ ਦੇ ਲਗਦੈ, ਦੁਨੀਆਂ ਆਪ-ਮੁਹਾਰੀਐ।ਉਸ ਦੇ ਲਈ ਚੱਕ-ਭੁੱਚੋ ਦਾ ਸੰਨ੍ਹ ਵੱਡੇ ਪਿੰਡ ਤੁੰਗਵਾਲੀ ਨੂੰ ਬਾਈ-ਪਾਸ ਕਰ ਕੇ ਮੇਲਣਾ ਕੋਈ ਔਖਾ ਨਹੀਂ।ਉਹ ਤਾਂ ਇਵੇਂ ਜਿਵੇਂ ਸਾਡੇ ਪਿੰਡ ਅਤੇ ਬਠਿੰਡੇ ਦਾ ਸੰਨ੍ਹ ਵੀ ਵੱਡੇ ਪਿੰਡ ਕੋਟ ਸ਼ਮੀਰ ਨੂੰ ਬਾਈ-ਪਾਸ ਕਰ ਕੇ ਮੇਲਦਿੰਦਾ ਹੈ। ਇਹ ਵੀ ਸਬੱਬ ਹੈ ਕਿ ਕੋਟ ਸ਼ਮੀਰ ਦੀ ਜੂਹ ਤੁੰਗਵਾਲੀ ਦੀ ਜੂਹ ਨਾਲ ਲਗਦੀ ਹੈ। ਗੇਂਦਾ ਮੈਂਬਰ ਬਜ਼ੁਰਗਾਂਦੀਆਂ ਪੀੜ੍ਹੀ-ਦਰ-ਪੀੜ੍ਹੀ ਚੱਲੀਆਂ ਆ ਰਹੀਆਂ ਗੱਲਾਂ-ਬਾਤਾਂ ਨੂੰ ਨਹੀਂ ਭੁੱਲਿਆ, ਤਾਂ ਹੀ ਤਾਂ ਕਹਿੰਦਾ ਹੈ ਕਿ ਕਦੇਪਿੰਡ ਦੀ ਸ਼ਮਲਾਟ ਵਿਚਲੀ 'ਨੇਗੀ ਢਿੱਪ' ਤੋਂ ਬਠਿੰਡੇ ਦਾ ਕਿਲਾ ਦਿਸਦਾ ਹੁੰਦਾ ਸੀ। ਇਹ ਗੱਲ ਸੱਚ ਵੀ ਹੋਣੀ ਹੈ ਕਿਉਂਕਿਪੁਰੇਣੇ ਸਮੇ ਵਿਚ ਇਸ ਬਾਰਾਂ ਕੋਹ ਦੇ ਸੰਨ੍ਹ ਵਿੱਚ ਨਾ ਕੋਈ ਉੱਚੀ ਇਮਾਰਤ ਸੀ, ਨਾ ਆਬਾਦੀ, ਨਾ ਟਾਵੇਂ ਟਾਵੇਂ ਜੰਡ-ਕਰੀਰ ਵਰਗੇ ਨੀਵੇਂ ਦਰਖਤਾਂ ਤੋਂ ਬਿਨਾ ਕੋਈ ਉੱਚਾ ਦਰਖਤ ਜੋ ਨਿਗਾਹ ਨੂੰ ਰੋਕ ਸਕਦਾ। ਨਾਲੇ ਉਦੋਂ ਇਹ ਢਿੱਪ ਵੀਤਾਂ ਬਹੁਤ ਉੱਚੀ ਹੋਵੇਗੀ। ਖ਼ੈਰ, ਬਠਿੰਡੇ ਦੇ ਕਿਲੇ ਬਾਰੇ ਜੋ ਗੇਂਦਾ ਸਿ?' ਦੱਸਦਾ ਹੈ ਤੇ ਜੋ ਏਧਰੋਂ-?ਧਰੋਂਪਤਾ ਲੱਗਦਾ ਹੈ, ਉਸ ਮੁਤਾਬਕ ਮੋਟੀ ਜਾਣਕਾਰੀ ਦਿਲਚਸਪ ਰਹੇਗੀ।ਸੰਮਤ ਬਿਕਰਮੀ 800 ਤੋਂ ਲੈ ਕੇ 1200 ਤੱਕ ਬਠਿੰਡਾ ਪੰਜਾਬ ਦੀ ਪਹਿਲੀ ਰਾਜਧਾਨੀ ਰਿਹਾ। ਪੰਜਾਬ ਦੀ ਦੂਜੀ ਰਾਜਧਾਨੀ ਰਾਜੇਸਲਵਾਨ ਦੇ ਵੇਲੇ ਸਿਆਲਕੋਟ ਰਹੀ। ਤੀਜੀ ਰਾਜਧਾਨੀ ਮੁਸਲਮਾਨ ਰਾਜ ਦੇ ਸਮੇ ਮੁਲਤਾਨ ਰਹੀ, ਜਿੱਥੇ ਸ਼ਮਸ਼ਤਬਰੇਜ਼ ਦੀ ਖੱਲ ਲਾਹੀਗਈ। ਸਰਹਿੰਦ ਚੌਥੀ ਅਤੇ ਅੰਗ੍ਰੇਜ਼ੀ ਰਾਜ ਸਮੇ ਲਾਹੌਰ ਪੰਜਾਬ ਦੀ ਪੰਜਵੀਂ ਰਾਜਧਾਨੀ ਰਹੀ। ਬਠਿੰਡੇ ਦੀ ਕੈਫ਼ੀਅਤ ਦੇਹੀਵਿੱਚ ਲਿਖਿਆ ਹੈ ਕਿ ਰਾਜਾ ਬਿਨੈਪਾਲ ਨੇ ਇਸ ਨਗਰ ਨੂੰ ਵਸਾਇਆ ਅਤੇ ਉਸ ਦੇ ਦੀਵਾਨ ਠੰਡੀ ਰਾਮ ਦੇ ਨਾਂ ਹੇਠ ਇਸ ਦਾਨਾਂ ਬਠਿੰਡਾ ਧਰਿਆ। 21 ਜੂਨ, 1706 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇੱਥੇ ਚਰਨ ਪਾਏ। ਦੋ ਦਿਨ ਠਹਿਰ ਕੇ ਕੋਟਸ਼ਮੀਰ ਚਲੇ ਗਏ। ਕਿਲੇ ਦੇ ਅੰਦਰ ਜਿਹੜਾ ਜੰਡ ਦਾ ਦਰਖਤ ਹੈ, ਗੁਰੂ ਸਾਹਿਬ ਨੇ ਇਸ ਥਾਂ ਤੇ ਡੇਰੇ ਲਾਏ ਸਨ। ਜੰਡ ਦੀਉਮਰ ਬਾਰੇ ਹੀਰ ਦਾ ਕੋਈ ਗਵੱਈਆ ਇਉਂ ਗਾ ਕੇ ਸਮਝਾਉਂਦਾ ਹੈ--ਥੋੜੀ ਉਮਰ ਪ੍ਰਭੂ ਨੇ ਬੰਦਿਆਂ ਦੀ ਲਿਖ ਲੀਮੇਰੀਆਂ ਜੜ੍ਹਾਂ ਜੰਡ ਦੀਆਂ ਪਾਤਾਲ ਵਿੱਚ ਜੜੀਆਂ।ਯਾਰੀ ਲਾਉਣੀ ਹੈ ਤੂੰ ਲਾ ਲੈ ਨਾਲ ਜੰਡੋਰੇ ਦੇਤੇਰੀਆਂ ਕਈ ਮੈਂ ਲੰਘਾ ਦੂੰ ਬੁਢੜਿਆ ਸਦੀਆਂ।ਧਮੋਟ ਪਿੰਡ ਦੇ ਵਸਨੀਕ ਹੋਰ ਕਹਾਣੀ ਦਸਦੇ ਹਨ ਕਿ ਇਹ ਕਿਲਾ ਉਨ੍ਹਾਂ ਦੇ ਵੱਡ-ਵਡੇਰੇ ਅਨੰਗਪਾਲ ਗਿੱਲ ਦਾ ਵਸਾਇਆਹੋਇਆ ਹੈ। ਪ੍ਰਿਥਵੀ ਰਾਜ ਚੌਹਾਨ ਦੀ ਕੁਲ ਦੇ ਲੋਕ ਦਸਦੇ ਹਨ ਕਿ ਬਠਿੰਡਾ ਪ੍ਰਿਥਵੀ ਰਾਜ ਦਾ ਦਿੱਲੀ ਤੋਂ ਦੂਜੇ ਦਰਜੇ ਦਾਕੇਂਦਰੀ ਸਥਾਨ ਸੀ। ਮੁਹੰਮਦ ਗ਼ੌਰੀ ਨੇ ਇਸ ਕਿਲੇ ਦਾ ਮਹਾਸਰਾ ਕੀਤਾ ਜਦੋਂ ਪ੍ਰਿਥਵੀ ਰਾਜ ਦਾ ਛੋਟਾ ਭਰਾ ਫੱਤੇ ਰਾ? ਗਵਰਨਰਸੀ ਅਤੇ ਪ੍ਰਿਥਵੀ ਰਾਜ ਦਾ ਨਾਨਾ ਅਨੰਗਪਾਲ ਸੀ ਜਿਸ ਤੋਂ ਇਹ ਦੋਹਤੇ ਨੇ ਲਿਆ ਸੀ। ਤਾਂ ਹੀ ਤਾਂ ਲੋਕ ਬੋਲੀ ਪ੍ਰਚਲਤ ਹੈ--ਪਹਿਲਾਂ ਦਿੱਲੀ ਤੂਰਾ ਮੱਲੀ ਫਿਰ ਮੱਲੀ ਚੌਹਾਨਾ।ਮਾਮਿਆਂ ਕੋਲੋਂ ਭਾਣਜਿਆਂ ਖੋਹੀ, ਕਰ ਕੇ ਜ਼ੋਰ ਧੰਗਾਨਾ।ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਬਠਿੰਡਾ-ਭਟਿੰਡਾ ਭੱਟੀ ਰਾ? ਰਾਜਪੂਤ ਦਾ ਵਸਾਇਆ ਨਗਰ ਹੈ ਜਿਸ ਨੇਭਟਨੇਰ ਵੀ ਵਸਾਇਆ ਸੀ। ਲੋਕਾਂ ਦੇ ਮੂੰਹ ਤੇ ਚੜ੍ਹੀ ਇਕ ਇਹ ਵੀ ਸਚਾਈ ਹੈ--ਭੱਟੀਆਂ ਦੀ ਭਟਨੇਰ ਬਠਿੰਡਾ ਬਿਨੈਪਾਲ ਦਾ।ਖੁਆਜੇ ਦੀ ਅਜਮੇਰ ਸਿਆਲਕੋਟ ਸਲਵਾਨ ਦਾ।ਖੁਆਜੇ ਦੀ ਅਜਮੇਰ ਬਠਿੰਡਾ ਰਤਨ ਦਾ।ਕਿਸੇ ਨਾ ਲੱਧਾ ਭੇਤ ਤੇਰੇ ਯਤਨ ਦਾ।ਲਵ-ਕੁਸ਼ ਬੱਧੇ ਲਾਹੌਰ ਅੰਬਰਸਰ ਗੁਰੂ ਦਾ।ਦਿੱਲੀ ਬੱਧੀ ਦਲੀਪ ਨੇ ਸ਼ਕਰਗੰਜ ਪਾਕਪਟਨ ਦਾ।ਇਹ ਪਟਿਆਲਾ ਰਿਆਸਤ ਦੀ ਤਹਿਸੀਲ ਅਤੇ ਇਸ ਦੀ ਨਜ਼ਾਮਤ ( ਜ਼ਿਲਾ ) ਬਰਨਾਲਾ ਰਿਹਾ ਹੈ। ਬਿਨੈਪਾਲ ਰਾਜਾ ਦਾ ਕਿਲਾ, ਜਿਸ ਦੀ ਬੁਲੰਦੀ 119ਫੁੱਟ ਹੈ, 1754 ਈ. ਵਿਚ ਆਲਾ ਸਿੰਘ ਨੇ



ਆਪਣੇ ਰਾਜ ਵਿਚ ਸ਼ਾਮਲ ਕੀਤਾ। ਪਟਿਆਲੇ ਦੇ ਮਹਾਰਾਜਾ ਨਰਿੰਦਰ ਸਿੰਘ ਨੇ ਉਸਥਾਂ ਤੇ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਬੈਠੇ ਸਨ, ਗੁਰਦੁਆਰਾ ਬਣਾਇਆ ਅਤੇ ਇਸ ਸ਼ਹਿਰ ਦਾ ਨਾਂ ਗੋਬਿੰਦਗੜ੍ਹਰੱਖਿਆ।ਚੌਦ੍ਹਵੀਂ ਸਦੀ ਦੇ ਸ਼ੁਰੂ ਵਿਚ ਰਾਏ ਅਨੰਦ ਬਠਿੰਡੇ ਦਾ ਮਾਲਕ ਬਣਿਆ। ਇਹ ਬਟੇ ਰਾ? ਦਾ ਬੇਟਾ ਸੀ ਜੋ ਸਿੱਧੂ ਵੰਸ਼ ਦੇਮੋਢੀਆਂ ਵਿੱਚੋਂ ਸੀ। ਰਾਏ ਅਨੰਦ ਤੋਂ ਪਿੱਛੋਂ ਇਹ ਦਾ ਪੁੱਤਰ ਖੀਵਾ ਰਾ? ,ਜੋ ਸੰਮਤ 1370 ਵਿਚ ਬਠਿੰਡੇ ਹੀਪੂਰਾ ਹੋਇਆ, ਦਾ ਪੁੱਤਰ ''ਸਿੱਧੂ'' ਸੀ ਜੋ ਬਠਿੰਡੇ ਦੀ ਗੱਦੀ ਉੱਤੇ ਪੂਰਾ ਹੋਇਆ। ਇਸ ਦੇ ਨਾਂ ਤੇ ਸਿੱਧੂ ਗੋਤਚੱਲਿਆ। ਸਿੱਧੂ ਦਾ ਪੜਪੋਤਾ ਸਿਧ ਤਿਲਕ ਰਾ? ਤਪੱਸਵੀ ਸੀ ਜਿਸ ਨੂੰ ਭੱਟੀਆਂ ਨੇ ਬਠਿੰਡੇ ਹੀ ਕਤਲ ਕਰ ਦਿੱਤਾ ਸੀ।ਸਿੱਧੂ ਦੇ ਦਸਵੇਂ ਪੋਤਰੇ ਬਰਾੜ ਨੇ ਫੌਜੀ ਗੁੱਟਾਂ ਰਾਹੀਂ ਹਮਲਾ ਕਰ ਕੇ ਭੱਟੀਆਂ ਨੂੰ ਬਠਿੰਡਿ?' ਕੱਢ ਦਿੱਤਾ।ਸਿੱਧੂਆਂ ਨੇ ਅਮੀਰ ਤੈਮੂਰ ਤੋਂ ਮੱਦਦ ਲੈ ਕੇ 1399 ਵਿਚ ਬਠਿੰਡਾ ਰਾਜਧਾਨੀ ਨੂੰ ਮੁੜ ਵਾਪਸ ਲੈ ਲਿਆ। ਸੰਮਤ1472 ਵਿਚ ਰਾਏ ਬੈਰਾੜ ਪਿੰਡ ਬੀਦੋਵਾਲੀ ਕਾਲ ਵਸ ਹੋ ਗਿਆ। ਉਸ ਦਾ ਬੇਟਾ ਦੂੱਲਾ ਬਠਿੰਡੇ ਦਾ ਰੱਈਸ ਬਣਿਆ। ਸੰਮਤ1575 ਵਿਚ ਬੈਰਾੜਾਂ ਨੇ ਅਕਬਰ ਦੀ ਮਦਦ ਕਰ ਕੇ ਭੱਟੀਆਂ ਤੋਂ ਬਠਿੰਡਾ ਆਦਿ ਵਾਪਸ ਲੈ ਲਏ।ਬਠਿੰਡਾ ਹਾਜੀ ਰਤਨ ਦੀ ਯਾਦਗਾਰ ਕਰ ਕੇ ਵੀ ਮਸ਼ਹੂਰ ਹੈ। ਇੱਥੋਂ ਦੇ ਬਾਬਾ ਰਤਨ ਦਾਸ ਮੱਕਾ



ਸ਼ਰੀਫ਼ ਹੱਜ ਕਰ ਕੇ ਆਏ ਤੇਰਤਨ ਹਾਜੀ ਬਣ ਗਏ। ਅਹਿਮਦਪੁਰ ਵਾਲੇ ਪੰਡਿਤ ਕਿਸ਼ੋਰ ਚੰਦ ਕਵੀਸ਼ਰ, ਬਾਬਾ ਹਾਜੀ ਰਤਨ ਦੇ ਉਰਸ ਦੇ ਮੇਲੇ ਸਮੇ ਗਾਉਂਦੇ,ਬਾਬੂ ਰਜਬ ਅਲੀ ਖ਼ਾਨ ਵੀ। ਬਾਬੂ ਜੀ ਨੂੰ ਤਾਂ ਮਗਰੋਂ ਤੱਕ ਬਠਿੰਡੇ ਦਾ ਹੇਰਵਾ ਸਤਾਉਂਦਾ ਰਿਹਾ।ਬਾਬੂ ਜਿੱਥੇ ਖਾੜੇ ਲਗਦੇ ਸੀ, ਯਾਦ ਆਉਣ ਰਤਨ ਦੀਆਂ ਦੈੜਾਂ।ਲੋਕੋ ਬਠਿੰਡੇ ਦਿ? ਭਾਲ ਦਿ? ਬੱਕੀ ਦੀਆਂ ਪੈੜਾਂ।ਅਠਾਰਾਂ ਬਰਸ ਗੁਜ਼ਾਰੇ ਮੈਂ ਜਿਗਰ ਪਰ ਖਿਚ ਕੇ ਤਿੱਖੇ ਜੇ ਸੇਲੇ, ਵਿਛੋੜਾ ਮਾਰੇ।ਤਾਂਘ ਰਹੇ ਵਤਨ ਦੀ ਜੀ, ਨਹਿਰ ਦੇ ਬੰਗਲੇ ਰਤਨ ਦੇ ਮੇਲੇ, ਭੁੱਲਣ ਨਾ ਪਿਆਰੇ।ਮੁਸਲਮਾਨਾਂ ਲਈ ਖੁਆਜਾ ਮੁਅੱਈਉਦਦੀਨ ਚਿਸਤੀ ਦੀ ਦਰਗਾਹ ਅਜਮੇਰ ਵਿੱਚ, ਰੋਜ਼ਾ ਸ਼ਰੀਫ਼ ਸਰਹਿੰਦ ਵਿੱਚ, ਨਿਜ਼ਾਮਉਦੀਨਔਲੀਆ ਦਿੱਲੀ ਵਿੱਚ ਤੇ ਬਾਬਾ ਹਾਜੀ ਰਤਨ ਦਾ ਮਜ਼ਾਰ ਬਠਿੰਡੇ ਵਿੱਚ ਇਸਲਾਮ ਦਾ ਚੌਥਾ ਤਖ਼ਤ ਹੈ। ਬਠਿੰਡੇ 1883 ਈ.ਵਿੱਚ ਰੇਲ ਆਈ। 1903 ਈ. ਵਿੱਚ ਮਹਾਰਾਜਾ ਰਾਜਿੰਦਰ ਸਿੰਘ ਨੇ ਰਾਜਿੰਦਰਾ ਸਕੂਲ ਖੋਲ੍ਹਿਆ ਅਤੇ ਮਹਾਰਾਜਾ ਯਾਦਵਿੰਦਰ ਸਿੰਘਨੇ 1940 ਈ. ਵਿੱਚ ਇੰਟਰਮੀਡੀਏਟ ਕਾਲਜ ਬਣਾਇਆ। ਬਠਿੰਡਾ ਰੇਲਵੇ ਦਾ ਵੱਡਾ ਜੰਕਸ਼ਨ ਬਣਿਆ।ਬਾਬੂ ਰਜਬ ਅਲੀ ਖ਼ਾਨ ਨੇ ਇਉਂ ਸਿਫ਼ਤ ਕੀਤੀ ਹੈ-ਸੱਤ ਲੈਣਾਂ ਪੈਂਦੀਆਂ ਬਠਿੰਡੇ ਵਿਚ ਰਜਬਲੀ,ਰੌਣਕ ਵਧੇਰੇ ਜਿਉਂ ਭੰਬੋਰ ਸ਼ਹਿਰ ਸੱਸੀ ਦੇ।ਕਹਿੰਦੇ ਹਨ ਹਜ਼ਾਰ ਸਾਲ ਤੋਂ ਪਹਿਲਾਂ ਏਥੇ ਸਤਲੁਜ ਤੇ ਬਿਆਸ ਵਗਦੇ ਸਨ। ਅੱਜ ਕੱਲ੍ਹ ਟਿੱਬਿਆਂ ਦਾ ਨਾਂ ਨਿਸ਼ਾਨ ਨਹੀਂ ਰਿਹਾ।ਝੀਲਾਂ ਦੀ ਭਰਮਾਰ ਹੈ। ਕਿਲੇ ਨਾਲੋਂ ਉੱਚੇ ਥਰਮਲ ਪਲਾਂਟ ਦੇ ਕੂਲਿੰਗ ਟਾਵਰ, ਇਸ ਦੀਆਂ ਅਤੇ ਖਾਦ ਕਾਰਖਾਨੇ ਦੀਆਂ ਅਕਾਸ਼-ਚੁੰਬੀ ਚਿਮਨੀਆਂ ਹਨ। ਪਰ ਫੇਰ ਵੀ ਵਧੀ ਹੋਈ ਆਬਾਦੀ ਦੀਆਂ ਅਨੇਕਾਂ ਰੁਕਾਵਟਾਂ ਕਾਰਨ ਨੀਵੀਂ ਹੋ ਚੁੱਕੀ ਬੁੱਢੀ ਹੋਈਨੇਗੀ ਢਿੱਪ ਤੋਂ ਇਹ ਨਹੀਂ ਦਿਖਾਈ ਦਿੰਦੀਆਂ। ਕਿਧਰੇ ਗਿਆ ਖੁੱਲ੍ਹਾ ਅਸਮਾਨ, ਪਤਾ ਨਹੀਂ ਇਹ ਸਰਾਪ ਹੈ ਕਿ ਵਰਦਾਨ।ਵਿਚਾਰਾ ਗੇਂਦਾ ਮੈਂਬਰ ਵੀ ਬਜ਼ੁਰਗ ਹੋ ਚੱਲਿਆ। ਸਾਡੇ ਵਾਂਗ ਉਸ ਨੂੰ ਵੀ ਢਲਦੀ ਉਮਰ, ਘਟਦੀ ਨਜ਼ਰ ਅਤੇ ਨਿੱਤ ਨੀਵੀਂਹੁੰਦੀ ਨੇਗੀ ਢਿੱਪ ਦਾ ਝੋਰਾ ਹੈ। ਤਾਂ ਵੀ ਉਸ ਕੋਲ ਗਿਆਨ ਦਾ ਢੇਰ ਸਾਰਾ ਖ਼ਜ਼ਾਨਾ ਹੈ ਤੇ ਸੁੱਖ ਨਾਲ ਵਧੀਆ ਯਾਦ ਦਾਸ਼ਤਵੀ।

## ਧਮਕੀਆਂ ਦੇਣ ਵਾਲੇ ਮੇਅਰ ਦੇ ਉਮੀਦਵਾਰ ਉੱਪਰ ਪਾਬੰਦੀਆਂ ਹੋਰ ਵਧ ਗਈਆ ਹਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਾਸਕ ਵਿਰੋਧੀ ਰੈਲੀਆਂ ਕਰਦੇ ਰਹਿਣ ਅਤੇ ਹੈਲਥ ਕੇਅਰ ਵਰਕਰਜ਼ ਨੂੰ ਸਰੇ-ਆਮ ਧਮਕੀਆਂ ਦੇਣ ਵਾਲੇ ਅਤੇ ਮੇਅਰ ਦੇ ਅਹੁਦੇ ਵਾਸਤੇ ਚੋਣ ਲੜ ਰਹੇ ਉਮੀਦਵਾਰ ਕੈਵਿਨ ਜੇ ਜੌਨਸਟਨ ਦੇ ਖਿਲਾਫ਼ ਲੱਗੀ ਪਾਬੰਦੀ ਦੀ ਮਿਆਦ ਵਧਾ ਦਿੱਤੀ ਗਈ ਹੈ। ਉਸ ਨੂੰ ਅਦਾਲਤ ਨੇ ਕਿਹਾ ਹੈ ਕਿ ਉਹ ਐਲਬਰਟਾ ਹੈਲਥ ਸਰਵਿਸਿਜ਼ ਦੇ ਕਰਮਚਾਰੀਆਂ ਪ੍ਰਤੀ ਕੋਈ ਟਿੱਪਣੀ ਨਹੀਂ ਕਰੇਗਾ ਇਹ ਪਾਬੰਦੀ ਉਸ ਉੱਪਰ ਹੁਣ ਸਤੰਬਰ ਦੇ ਅਖੀਰ ਤੱਕ ਜਾਰੀ ਰਹੇਗੀ। ਅਦਾਲਤ ਨੇ ਉਸ ਨੂੰ ਆਗਿਆ ਦਿੱਤੀ ਹੈ ਕਿ ਉਹ ਸਹੀ ਢੰਗ ਨਾਲ ਕਿਸੇ ਵੀ ਨੀਤੀ ਦੀ ਆਲੋਚਨਾ ਕਰ ਸਕਦਾ ਹੈ ਤੇ ਸਾਰਥਕ ਟਿੱਪਣੀ ਵੀ ਕਰ ਸਕਦਾ ਹੈ। ਉਸ ਦੇ ਖਿਲਾਫ਼ ਪਹਿਲਾਂ 30 ਜੂਨ ਤੱਕ ਪਾਬੰਦੀ ਲਗਾਈ ਗਈ ਸੀ ਜਿਹੜੀ ਵਧਾ ਕੇ ਹੁਣ 30 ਸਤੰਬਰ ਕਰ ਦਿੱਤੀ ਗਈ ਹੈ। ਇਸ ਵੇਲੇ ਜੌਨਸਟਨ ਪੁਲਿਸ ਹਿਰਾਸਤ ਵਿੱਚ ਹੈ।

## 751 ਹੋਰ ਬੇਨਾਮੀ ਕਬਰਾਂ ਮਿਲਣ ਉਪਰੰਤ ਸੋਗ ਸਮਾਗਮ ਹੋਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੈਸਕੈਚੇਵਾਨ ਦੇ ਪੁਰਾਣੇ ਮੇਰੀਈਵਲ ਇੰਡੀਅਨ ਰੈਜ਼ਿਡੈਂਸ਼ੀਅਲ ਸਕੂਲ ਦੀ ਜ਼ਮੀਨ ਹੇਠੋਂ 751 ਬੇਨਾਮੀ ਕਬਰਾਂ ਮਿਲਣ ਦੀ ਘਟਨਾ ਮਗਰੋਂ ਉਹਨਾਂ ਮ੍ਰਿਤਕਾਂ ਦੀ ਯਾਦ ਵਿੱਚ ਦੇਸ਼ ਭਰ ਵਿੱਚ ਮੈਮੋਰੀਅਲ ਅਤੇ ਕੈਂਡਲ ਲਾਇਟ ਵਿਜਿਲ ਕੀਤੇ ਜਾਣ ਦੀ ਖ਼ਬਰ ਹੈ। ਸੈਸਕੈਚੇਵਾਨ ਦੇ ਇਸ ਸਕੂਲ ਦੀ ਪੁਰਾਣੀ ਇਮਾਰਤ ਦੇ ਬਾਹਰ 150 ਦੇ ਕਰੀਬ ਮੂਲ ਨਿਵਾਸੀ ਇਕੱਠੇ ਹੋਏ ਤੇ ਉਹਨਾਂ ਆਪਣੀਆਂ ਪਰੰਪਰਾਵਾਂ ਮੁਤਾਬਕ ਮ੍ਰਿਤਕਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ। ਕੈਲਗਰੀ ਦੇ ਸਿਟੀ ਹੌਲ ਸਾਹਮਣੇ ਵੀ ਇਸੇ ਤਰ੍ਹਾਂ ਦਾ ਇੱਕ ਕੈਂਡਲ ਲਾਇਟ ਵਿਜਿਲ ਰੱਖਿਆ ਗਿਆ ਸੀ। ਸਾਰੇ ਦੇਸ਼ ਵਿੱਚ ਇਹਨਾਂ ਪੁਰਾਣੇ ਰੈਜ਼ਿਡੈਂਸ਼ੀਅਲ ਸਕੂਲਾਂ ਦੀਆਂ ਜ਼ਮੀਨਾਂ ਦੀ ਹੁਣ ਆਧੁਨਿਕ ਤਕਨੀਕਾਂ ਨਾਲ ਜਾਂਚ ਕੀਤੇ ਜਾਣ ਦਾ ਸਿਲਸਿਲਾ ਸ਼ੁਰੂ ਕੀਤਾ ਜਾ ਰਿਹਾ ਹੈ। ਕੈਲਗਰੀ ਦੇ ਇੱਕ ਕੈਥੋਲਿਕ ਬਿਸ਼ਪ ਦਾ ਕਹਿਣਾ ਹੈ ਕਿ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਰੈਜ਼ਿਡੈਂਸ਼ੀਅਲ ਸਕੂਲਾਂ ਦਿਆਂ ਜ਼ਮੀਨਾਂ ਹੇਠੋਂ ਬੇਨਾਮੀ ਕਬਰਾਂ ਮਿਲਣ ਦੀ ਸੂਚਨਾ ਮਗਰੋਂ ਸਾਰੇ ਦੇਸ਼ ਵਿੱਚ ਗ਼ਮ ਅਤੇ ਗੁੱਸੇ ਦੀ ਲਹਿਰ ਹੈ ਅਤੇ ਚਰਚ ਕੋਲੋਂ ਮਾਫੀ ਦੀ ਮੰਗ ਜ਼ੋਰ ਫੜਦੀ ਜਾ ਰਹੀ ਹੈ। ਅਜਿਹੇ ਵਿੱਚ ਚਰਚ ਨੂੰ ਇਹ ਮਾਫੀ ਮੰਗ ਕੇ ਲੋਕਾਂ ਦੇ ਦਿਲ ਨੂੰ ਤਸੱਲੀ ਦੇਣੀ ਚਾਹੀਦੀ ਹੈ। ਡਾਇ?ਸੀਜ਼ ਔਫ਼ ਕੈਲਗਰੀ ਦੇ ਬਿਸ਼ਪ ਵਿਲੀਅਮ ਮੈਕ-ਗ੍ਰੈਟਨ ਦਾ ਕਹਿਣਾ ਹੈ ਕਿ ਉਹਨਾਂ ਕੋਲੋਂ ਵੀ ਕਈ ਸ਼ਰਧਾਲੂਆਂ ਨੇ ਇਸ ਦੀ ਮੰਗ ਕੀਤੀ ਹੈ। ਲੋਕ ਸਵਾਲ ਪੁੱਛ ਰਹੇ ਨੇ ਕਿ ਅਜਿਹਾ ਕਿਉਂ ਤੇ ਕਿਵੇਂ ਹੋਇਆ ਹੋਵੇਗਾ ਤੇ ਉਹਨਾਂ ਦਾ ਵਿਸ਼ਵਾਸ ਤੇ ਧਰਮ ਇਸ ਸਮੇਂ ਸਵਾਲਾਂ ਦੇ ਘੇਰੇ ਵਿੱਚ ਹੈ। ਰੋਮਨ ਕੈਥੋਲਿਕ ਡਾਇ?ਸੀਜ਼ ਔਫ਼ ਕੈਲਗਰੀ ਨੇ ਆਪਣੀ ਵੈਬਸਾਇਟ 'ਤੇ ਪੋਸਟ ਕੀਤਾ ਹੈ ਕਿ ਐਲਬਰਟਾ ਅਤੇ ਨੌਰਥ ਵੇਸਟ ਟੈਰੇਟਰੀਜ਼ ਦੇ ਸਾਰੇ ਬਿਸ਼ਪ, ਉਹਨਾਂ ਸਾਰਿਆਂ ਤੋਂ ਬਿਨਾ ਸ਼ਰਤ ਮਾਫੀ ਮੰਗਦੇ ਹਨ ਜਿਹਨਾਂ ਨੇ ਰੋਮਨ ਕੈਥੋਲਿਕ ਦੇ ਪ੍ਰਬੰਧ ਹੇਠ ਚੱਲਣ ਵਾਲੇ ਇਹਨਾਂ ਰੈਜ਼ਿਡੈਂਸ਼ੀਅਲ ਸਕੂਲਾਂ ਵਿੱਚ ਰਹਿੰਦਿਆਂ ਹੋਇਆਂ ਸੈਕਸੂਅਲ, ਸਰੀਰਕ ਅਤੇ ਮਾਨਸਿਕ ਕਸ਼ਟ ਸਹਿਣ ਕੀਤੇ। ਲਿਖਿਆ ਹੈ ਕਿ ਉਹ ਨਸਲਵਾਦ, ਭੇਦਭਾਵ ਨੂੰ ਖ਼ਤਮ ਕਰਨ ਲਈ ਵਚਨਬੱਧ ਹਨ ਤੇ ਜੋ ਵੀ ਸੰਭਵ ਹੋਇਆ, ਉਹ ਕਰਨ ਲਈ ਤਿਆਰ ਹਨ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ
ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ
ਦਾ ਸੀਜ਼ਨ ਖਤਮ ਹੋਣ ਉਪਰੰਤ
ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।

ਕੈਮਲੂਪਸ ਏਰੀਆ ਵਿੱਚ ਜਿਨਸਿੰਗ
ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।

ਕਾਲ ਕਰੋ:
1 250 319 7263

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ਰਾਈਟਰਜ਼ ਫੋਰਮ ਕੈਲਗਰੀ ਦੇ ਲਿਖਾਰੀਆਂ ਨੇ ਆਪੋ ਆਪਣੀਆਂ ਰਚਨਾਵਾਂ ਨਾਲ ਰੰਗ ਬੰਨਿਆ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਤਿੰਨ ਜੁਲਾਈ ਨੂੰ ਰਾਈਟਰਜ਼ ਫੋਰਮ, ਕੈਲਗਰੀ ਦੀ ਜ਼ੂਮ ਰਾਹੀਂ ਹੋਈ ਮਾਸਿਕ ਮੀਟਿੰਗ ਕਈ ਅਸਰ ਛੱਡ ਗਈ। ਜਨਰਲ ਸਕੱਤਰ ਜਸਵੀਰ ਸਿਹੋਤਾ ਨੇ ਸਵਾਗਤੀ ਸ਼ਬਦਾਂ ਉਪ੍ਰੰਤ ਕੈਨੇਡਾ ਦਿਵਸ ਬਾਰੇ ਕਈ ਪੱਖਾਂ ਨੂੰ ਉਘਾੜਿਆ। ਹਰਮਿੰਦਰ ਚੁੱਘ ਨੇ ਕੈਨੇਡਾ ਦਿਵਸ ਦੀ ਸ਼ੋਭਾ ਵਿਚ ਟੱਪੇ ਸੁਣਾਏ। ਸਰਬਜੀਤ ਉਪਲ ਨੇ ਪਰਵਾਸੀ ਹੋਣ ਦੀ ਮਨੋਦਸ਼ਾ ਬਾਰੇ ਦਿਲ-ਟੁੰਬਵੀਂ ਕਵਿਤਾ ਸੁਣਾਈ। ਟੋਰਾਂਟੋ ਤੋਂ ਸ਼ਾਮਲ ਹੋਈ ਮੁੱਖ ਮਹਿਮਾਨ, ਬਹੁ-ਵਿਧਾਈ ਕਲਾਕਾਰ, ਸੁੰਦਰਪਾਲ ਕੌਰ ਨੇ ਆਪਣੀਆਂ ਸਾਹਿਤਕ, ਸਮਾਜਿਕ ਗਤੀਵਿਧੀਆਂ ਬਾਰੇ ਸੰਖੇਪ ਜਾਣਕਾਰੀ ਦੇਣ ਬਾਦ ਇੱਕ ਲੰਮੇ ਕਬਿੱਤ ਰਾਹੀਂ ਕਿਸਾਨੀ ਦਾ ਪੱਖ ਰੂਪਮਾਨ ਕੀਤਾ। ਫੋਰਮ ਦੇ ਹਸਮੁੱਖ ਚਿਹਰੇ, ਸੁਰਿੰਦਰ ਢਿੱਲੋਂ ਨੇ ਲਹਿੰਦੇ ਪੰਜਾਬ ਦੀ ਸ਼ਾਇਰੀ ਵਾਲੇ ਭੱਥੇ ਵਿੱਚੋਂ ਦੋ ਹੋਰ ਤੀਰ ਕੱਢ ਕੇ ਚਲਾਏ --ਖ਼ਾਦਮ ਫੇਰਾ ਇੱਕੋ ਜੱਗ ਤੇ, ਆਉਣਾ ਦੂਜੀ ਵਾਰ ਨਹੀਂ, ਅਤੇ-- ਅਮਲਾਂ ਤੇ ਹੋਣਗੇ ਨਿਬੇੜੇ,-- ਸਾਰਿਆਂ ਦੇ ਦਿਲਾਂ ਨੂੰ ਡੂੰਘਾਈ ਤੱਕ ਵਿੰਨ੍ਹ ਗਏ। ਮਨਮੋਹਨ ਬਾਠ ਅਤੇ ਰਾਮ ਸਰੂਪ ਸੈਣੀ ਨੇ ਸੁਰੀਲੀ ਆਵਾਜ਼ ਵਿਚ ਗੀਤਾਂ ਦੀ ਪੇਸ਼ਕਾਰੀ ਰਾਹੀਂ ਸੂਖਮ ਕਲਾ ਦਾ ਪ੍ਰਗਟਾਵਾ ਕੀਤਾ। ਜੋਗਾ ਸਿੰਘ ਸਹੋਤਾ ਨੇ ਸਾਜ਼ ਤੇ ਕੈਨੇਡਾ ਦੇ ਕੌਮੀ ਤਰਾਨੇ ਦਾ ਪੰਜਾਬੀ ਰੂਪ ਬਾਖ਼ੂਬੀ ਪੇਸ਼ ਕੀਤਾ, ਨਾਲ ਇੱਕ ਕੋਮਲ ਭਾਵੀ ਗ਼ਜ਼ਲ ਵੀ। ਗੁਰਦੀਸ਼ ਗਰੇਵਾਲ ਦੀ ਕੈਨੇਡਾ ਦਿਵਸ ਦੀ ਉਪਮਾ ਵਿਚ ਪੜ੍ਹੀ ਕਵਿਤਾ ਦੀ ਪ੍ਰਸੰਸਾ ਹੋਈ। ਉੱਘੀ ਰੰਗਕਰਮੀ ਅਤੇ ਲੋਕ ਲਹਿਰਾਂ ਦੀ ਸਰਗਰਮ ਵੀਰਾਂਗਣਾਂ, ਰਾਜਵੰਤ ਕੌਰ ਮਾਨ ਨੇ ਕੈਨੇਡਾ ਦਿਵਸ ਦੇ ਦੋਵੇਂ ਪੱਖ ਪੇਸ਼ ਕੀਤੇ, ਨਾਲ ਹੀ ਕਿਸਾਨ ਅੰਦੋਲਨ ਪ੍ਰਤੀ ਆਸਵੰਦ ਕਵਿਤਾ ਸੁਣਾ ਕੇ ਸਫਲਤਾ ਦੀ ਕਾਮਨਾ ਕੀਤੀ--ਜਿੱਤ ਦਾ ਵਿਸ਼ਵਾਸ ਪਾ ਕੇ ਦੇਖੀਏ। ਡਾ. ਮਨਮੋਹਨ ਕੌਰ ਨੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ, ਸਰਬ ਉੱਚਤਾ, ਸੰਕਲਪ ਅਤੇ ਮਹਾਨਤਾ ਬਾਰੇ ਟਕਸਾਲੀ ਵਿਚਾਰ ਰੱਖੇ। ਜਰਨੈਲ ਤੱਗੜ ਦੀ ਪਰਵਾਸ ਅਤੇ ਹਿਜਰਤ ਦੀਆਂ ਦੁਸ਼ਵਾਰੀਆਂ ਦਰਸਾਉਂਦੀ ਕਵਿਤਾ ਗਹਿਰਾ ਅਸਰ ਛੱਡ ਗਈ। ਅਜਾਇਬ ਸਿੰਘ ਸੇਖੋਂ ਨੇ ਪੰਜਾਬੀ ਬਨਾਮ ਪੱਛਮੀ ਜਗਤ ਦੀ ਜ਼ਿੰਦਗੀ ਦੇ ਮਿਆਰਾਂ ਬਾਰੇ ਅਸਲੀਅਤ ਉਘਾੜਦੀ, ਮਨੋਵਿਗਿਆਨਕ ਵਾਰਤਾਲਾਪੀ ਤਕਨੀਕ ਰਾਹੀਂ ਉਸਾਰੀ ਨਿੱਕੀ ਕਹਾਣੀ ਦਾ ਉਚਾਰਨ ਕੀਤਾ ਜਿਸ ਤੇ ਉਸਾਰੂ ਆਲੋਚਨਾ ਅਤੇ ਭਰਵੀਂ ਚਰਚਾ ਕੀਤੀ ਗਈ। ਜਗਦੀਸ਼ ਕੌਰ ਸਰੋਆ ਨੇ ਲੋਕ ਗੀਤ ਗਾ ਕੇ ਨਵਾਂ ਰੰਗ ਛਿੜਕਿਆ। ਜਗਜੀਤ ਰਹਿਸੀ ਦੇ ਸ਼ਿਅਰਾਂ ਦੀ ਚੋਣ ਲਈ ਉਸ ਦੀ ਸ਼ਲਾਘਾ ਕੀਤੀ ਗਈ। ਅਮਰੀਕ ਸਿੰਘ ਸਰੋਆ ਨੇ ਹਾਸ ਰਸ ਦੀ ਕਮੀ ਪੂਰੀ ਕੀਤੀ। ਐਡਮੰਟਨ ਤੋਂ ਅਮਰਜੀਤ ਸਹੋਤਾ ਨੇ ਗ਼ਜ਼ਲ ਅਤੇ ਇੱਕ ਗੀਤ --ਕਦੇ ਮੋੜ ਦਿਲਾਂ ਦੀਆਂ ਵਾਗਾਂ ਨੂੰ--ਤਰੱਨਮ ਵਿੱਚ ਪੇਸ਼ ਕਰ ਕੇ ਮੰਤਰ-ਮੁਗਧ ਕੀਤਾ। ਜਸਵੰਤ ਸਿੰਘ ਹਿੱਸੋਵਾਲ ਅਤੇ ਸੇਵਾ ਸਿੰਘ ਨੇ ਵਿਚਾਰ-ਚਰਚਾ ਵਿਚ ਯੋਗਦਾਨ ਪਾਇਆ। ਜਗਦੇਵ ਸਿੱਧੂ ਨੇ ਪੇਸ਼ਕਾਰੀਆਂ ਬਾਰੇ ਸਾਹਿਤਕ ਰਾਇ ਰੱਖੀ ਅਤੇ ਕੈਨੇਡਾ ਦਿਵਸ ਦੀਆਂ ਤਲਖ਼ ਹਕੀਕਤਾਂ ਦਾ ਜ਼ਿਕਰ ਕਰਦਿਆਂ ਆਮ ਨਾਲੋਂ ਹਟ ਕੇ ਆਪਣੇ ਨਿੱਜੀ ਵਿਚਾਰ ਪੇਸ਼ ਕੀਤੇ। ਹਰਮਿੰਦਰ ਚੁੱਘ ਦੁਆਰਾ ਕਿਸੇ ਰਮਣੀਕ ਥਾਂ ਤੇ ਜਾ ਕੇ ਸਾਹਿਤਕ ਮਿਲਣੀ ਕਰਨ ਦੇ ਸੁਝਾਅ ਨੂੰ ਵਿਚਾਰ ਅਧੀਨ ਰੱਖ ਲਿਆ। ਜਸਵੀਰ ਸਿਹੋਤਾ ਨੇ ਆਪਣੀ ਪਟਾਰੀ ਵਿੱਚੋਂ ਚੋਣਵੇਂ ਦੋਹੇ ਕੱਢ ਲਿਆਂਦੇ। ਉਸ ਨੇ ਪੇਸ਼ਕਾਰੀਆਂ ਬਾਰੇ ਨਾਲੋ ਨਾਲ ਟਿੱਪਣੀਆਂ ਕਰ ਕੇ ਲੜੀ ਨਹੀਂ ਟੁੱਟਣ ਦਿੱਤੀ।ਅੰਤ ਵਿੱਚ ਉਸ ਨੇ ਸਾਰਿਆਂ ਦਾ ਸ਼ੁਕਰੀਆ ਕਰਦੇ ਹੋਏ ਸਭ ਨੂੰ ਅਗਲੀ 7 ਅਗਸਤ ਵਾਲੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਕੋਸੋਹਾਲ ਪਹੁੰਚਣ ਦੀ ਬੇਨਤੀ ਕੀਤੀ।

# ਕਨੇਡਾ ਡੇਅ ਵਾਲੇ ਦਿਨ ਅਲਬਰਟਾ ਦਾ ਸਿਹਤ ਮੰਤਰੀ ਅਤੇ ਉਸਦਾ ਪਰਿਵਾਰ ਸ਼ਰਾਰਤੀ ਲੋਕਾਂ ਨੇ ਘੇਰ ਲਿਆ






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 1 ਜੁਲਾਈ ਵਾਲੇ ਦਿਨ ਕੈਨੇਡਾ ਡੇਅ ਪੈਰੇਡ ਅਤੇ ਸੂਬੇ ਵਿੱਚ ਸਿਹਤ ਪਾਬੰਦੀਆਂ ਤੋਂ ਖੁੱਲ੍ਹ ਦਿੱਤੇ ਜਾਣ ਮੌਕੇ ਇਕੱਠੇ ਹੋਏ ਲੋਕਾਂ ਵਿੱਚ ਸ਼ਾਮਿਲ ਐਲਬਰਟਾ ਦੇ ਹੈਲਥ ਮਨਿਸਟਰ ਟਾਇਲਰ ਸ਼ੈਂਡਰੋ ਅਤੇ ਉਹਨਾਂ ਦੇ ਦੋ ਪੁੱਤਰਾਂ ਤੇ ਪਤਨੀ ਸਮੇਤ ਕੁੱਝ ਸਾਥੀਆਂ ਨੂੰ ਉੱਥੇ ਮੌਜੂਦ ਕੁੱਝ ਲੋਕਾਂ ਨੇ ਘੇਰ ਲਿਆ ਤੇ ਗ਼ਲਤ ਸ਼ਬਦਾਂ ਦੀ ਵਰਤੋਂ ਕਰਦਿਆਂ ਤੇ ਉਹਨਾਂ ਦੀ ਬੇਇੱਜ਼ਤੀ ਕਰਨ ਤੇ ਪਰੇਸ਼ਾਨ ਕਰਨ ਦੇ ਇਰਾਦੇ ਨਾਲ ਨਾਹਰੇਬਾਜ਼ੀ ਕੀਤੇ ਜਾਣ ਦੀ ਸੂਚਨਾ ਹੈ। ਪ੍ਰਦਰਸ਼ਨ ਕਰ ਰਹੇ ਮੁੱਠੀ ਭਰ ਲੋਕਾਂ ਨੇ ਮਨਿਸਟਰ ਤੇ ਉਹਨਾਂ ਦੇ ਪਰਿਵਾਰ ਨੂੰ ਘੇਰ ਲਿਆ ਤੇ ਉੱਚੀ ਆਵਾਜ਼ ਵਿੱਚ ਉਹਨਾਂ ਦੇ ਖਿਲਾਫ਼ ਨਾਹਰੇਬਾਜ਼ੀ ਕੀਤੀ ਤੇ ਕਿਹਾ ਕਿ ਹੈਲਥ ਮਨਿਸਟਰ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਸ਼ੈਂਡਰੋ ਦੇ ਬੱਚਿਆਂ ਨੂੰ ਨਿਸ਼ਾਨਾ ਬਣਾ ਕੇ ਕਿਹਾ ਗਿਆ ਕਿ ਉਹਨਾਂ ਦਾ ਪਿਉ ਜੰਗੀ ਅਪਰਾਧੀ ਹੈ। ਉੱਥੇ ਮੌਜੂਦ ਕੁੱਝ ਲੋਕਾਂ ਨੇ ਬੱਚਿਆਂ ਨੂੰ ਫੈਂਸ ਤੋਂ ਪਾਰ ਕਰ ਲਿਆ ਤੇ ਮਨਿਸਟਰ ਆਪਣੀ ਪਤਨੀ ਨੂੰ ਨਾਲ ਲੈ ਕੇ ਕੁੱਝ ਸਾਥੀਆਂ ਦੀ ਓਟ ਵਿੱਚ ਸੁਰੱਖਿਅਤ ਬਾਹਰ ਨਿੱਕਲ ਗਏ। ਖ਼ਬਰਾਂ ਵਿੱਚ ਚਰਚਿੱਤ ਮੇਅਰ ਦੀ ਚੋਣ ਲਈ ਉਮੀਦਵਾਰ ਕੈਵਿਨ ਜੇ ਜੌਨਸਟਨ ਦੇ ਸਮਰਥਕ ਇਸ ਭੀੜ ਵਿੱਚ ਸ਼ਾਮਲ ਸਨ ਤੇ ਉਹਨਾਂ ਵੱਲੋਂ ਇਹ ਖਰੂਦ ਮਚਾਇਆ ਗਿਆ ਦੱਸਿਆ ਜਾਂਦਾ ਹੈ। ਹੁਣ ਪੁਲਿਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਸ਼ੱਕੀਆਂ ਦੀ ਨਿਸ਼ਾਨਦੇਹੀ ਕੀਤੇ ਜਾਣ ਮਗਰੋਂ ਕਾਰਵਾਈ ਕੀਤੇ ਜਾਣ ਦੀ ਸੰਭਾਵਨਾ ਹੈ।

# ਘਰ ਨੂੰ ਅੱਗ ਲੱਗਣ ਕਾਰਣ ਪਰਿਵਾਰ ਦੇ ਸੱਤ ਜੀਆਂ ਦੀ ਹੋਈ ਮੌਤ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਸ਼ੁੱਕਰਵਾਰ 2 ਜੁਲਾਈ ਦੀ ਤੜਕਸਾਰ ਢਾਈ ਵਜੇ ਦੇ ਕਰੀਬ ਨਾਲ ਲੱਗਦੇ ਸ਼ਹਿਰ ਚੈਸਟਰਮੀਅਰ ਦੀ ਓਕਮੀਅਰ ਕਮਿਉਨਿਟੀ ਵਿੱਚ ਇੱਕ ਘਰ ਨੂੰ ਅੱਗ ਲੱਗ ਜਾਣ ਕਾਰਨ 2 ਪਰਿਵਾਰਾਂ ਦੇ 7 ਜੀਆਂ ਦੀ ਦਰਦਨਾਕ ਮੌਤ ਹੋ ਜਾਣ ਦੀ ਖ਼ਬਰ ਹੈ। ਮਰਨ ਵਾਲਿਆਂ ਵਿੱਚ 4 ਬੱਚੇ ਸ਼ਾਮਿਲ ਹਨ। ਇਸ ਘਰ ਦੇ ਮਾਲਕ ਅਮਜਦ ਕਮਾਲ ਦੀ ਪਤਨੀ ਬਾਤੂਲ ਰਾਸ਼ਿਦ ਅਤੇ ਉਹਨਾਂ ਦੇ 5 ਬੱਚੇ ਰਹਿੰਦੇ ਦੱਸੇ ਗਏ ਹਨ। ਇੱਕ ਦਿਨ ਪਹਿਲਾਂ ਹੀ ਅਮਜਦ ਕਮਾਲ ਦਾ ਭਰਾ ਅਸਦ ਕਮਾਲ, ਉਸ ਦੀ ਪਤਨੀ ਰਾਫੀਆ ਕਮਾਲ ਤੇ ਉਹਨਾਂ ਦੇ 3 ਬੱਚੇ ਇਸ ਘਰ ਵਿੱਚ ਪਹੁੰਚੇ ਸਨ ਤੇ ਰਾਤ ਇੱਥੇ ਹੀ ਠਹਿਰੇ ਸਨ। ਤੜਕਸਾਰ ਅੱਗ ਲੱਗ ਗਈ ਤੇ ਇਸ ਵਿੱਚ ਲਗਪਗ 38 ਸਾਲਾ ਅਸਦ ਕਮਾਲ, ਉਸ ਦੀ ਪਤਨੀ ਰਾਫੀਆ, ਘਰ ਦੇ ਮਾਲਕ ਅਮਜਦ ਦੀ ਪਤਨੀ 35 ਸਾਲਾ ਬਾਤੂਲ ਰਾਫੀਆ ਦੀ ਮੌਤ ਹੋ ਗਈ। ਮਰਨ ਵਾਲੇ ਬੱਚਿਆਂ ਵਿੱਚ 12 ਸਾਲਾ ਇੱਕ ਲੜਕਾ ਤੇ ਲੜਕੀ, 8 ਸਾਲਾ ਇੱਕ ਲੜਕੀ ਅਤੇ 4 ਸਾਲਾ ਇੱਕ ਲੜਕਾ ਸ਼ਾਮਿਲ ਹਨ। ਅਮਜਦ ਕਮਾਲ ਤੇ 4 ਬੱਚੇ ਇਸ ਘਟਨਾ ਵਿੱਚੋਂ ਸੁਰੱਖਿਅਤ ਬਾਹਰ ਨਿੱਕਲ ਆਏ ਸਨ। ਇਸਲਾਮਿਕ ਸੁਪਰੀਮ ਕੌਂਸਲ ਆਫ ਕੈਨੇਡਾ ਦੇ ਮੁਖੀ ਇਮਾਮ ਸਈਦ ਸੁਹਰਵਰਦੀ ਨੇ ਦੱਸਿਆ ਕਿ ਇਹ ਪਰਿਵਾਰ ਹਮੇਸ਼ਾ ਭਾਈਚਾਰਕ ਕੰਮਾਂ ਵਿੱਚ ਸੇਵਾ ਦੇਣ ਵਾਲਾ ਸੀ। ਕੈਬਿਨੇਟ ਮਨਿਸਟਰ ਲੀਲਾ ਅਹੀਰ, ਐਮਐਲਏ ਇਰਫਾਨ ਸਾਬਿਰ ਮੌਕੇ 'ਤੇ ਪਹੁੰਚੇ ਤੇ ਪਰਿਵਾਰ ਦੇ ਮੈਂਬਰਾਂ-ਦੋਸਤਾਂ ਨਾਲ ਮੁਲਾਕਾਤ ਕਰਕੇ ਆਪਣਾ ਅਫ਼ਸੋਸ ਜ਼ਾਹਿਰ ਕੀਤਾ। ਪਰਿਵਾਰ ਦੀ ਸਹਾਇਤਾ ਵਾਸਤੇ ਫੰਡਰੇਜ਼ਰ ਸ਼ੁਰੂ ਕੀਤਾ ਗਿਆ ਹੈ। ਪ੍ਰੀਮੀਅਰ ਜੇਸਨ ਕੈਨੀ ਅਤੇ ਐਨ ਡੀ ਪੀ ਆਗੂ ਰੇਚੈਲ ਨੌਟਲੀ ਨੇ ਵੀ ਦੁੱਖ ਦੀ ਇਸ ਘਟਨਾ ਵਿੱਚ ਅਫਸੋਸ ਜ਼ਾਹਿਰ ਕੀਤਾ ਹੈ। ਘਰ ਨੂੰ ਲੱਗੀ ਅੱਗ ਬਹੁਤ ਭਿਆਨਕ ਦੱਸੀ ਜਾਂਦੀ ਹੈ ਤੇ 15 ਮੀਟਰ ਉੱਚੀਆਂ ਲਪਟਾਂ ਉਠਦੀਆਂ ਦੇਖੀਆਂ ਗਈਆਂ ਹਨ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ।

# ਸਾਡਾ ਵਿਰਸਾ

# ਦੇਸੀ ਮੰਜਿਆਂ ਨੂੰ ਮੀਂਹ ਵਿੱਚ ਪੈ ਜਾਂਦੀ ਸੀ ਕਾਣ




95691-49556
ਸ੍ਰੀ ਮੁਕਤਸਰ ਸਾਹਿਬ

ਪੰਜਾਬ ਦੇ ਪੁਰਾਤਨ ਸਮਿਆਂ ਵਿੱਚ ਜਦੋਂ ਘਰਾਂ ਦੇ ਵਿੱਚ ਦੇਸੀ ਵਾਣ ਦੇ ਜਾਂ ਸੂਤ ਦੇ ਮੰਜੇ ਬੁਣੇ ਜਾਂਦੇ ਸਨ, ਓਨਾਂ ਨੂੰ ਬਣਵਾਉਣ ਦਾ ਕੰਮ ਵੀ ਪਿੰਡ ਦੇ ਤਰਖਾਣ ਤੋਂ ਹੀ ਕਰਵਾਇਆ ਜਾਂਦਾ ਸੀ।ਸੇਰੂ ਬਾਹੀਆਂ ਵਾਣ ਜਾਂ ਸੂਤ ਸਹਿਰੋਂ ਲਿਆਉਣਾ ਤੇ ਉਸ ਨੂੰ ਪਿੰਡ ਦੇ ਸੇਪੀ ਵਾਲੇ ਤਰਖਾਣ ਤੋਂ ਠੁਕਵਾ ਲੈਣਾ ਭਾਵ ਬਣਾ ਲੈਣਾ।ਉਸ ਤੋਂ ਬਾਅਦ ਮੰਜੇ ਦੇ ਇੱਕ ਸਾਈਡ ਭਾਵ ਦੌਣ ਵਾਲੇ ਪਾਸੇ ਮੱਲ ਪਾ ਕੇ ਵੱਟ ਚਾੜ੍ਹ ਕੇ ਉੱਤੇ ਕੱਪੜਾ ਲਪੇਟ ਕੇ ਸੇਰੂ ਦੇ ਵਿੱਚ ਅੜਾ ਦੇਣਾ ਤੇ ਬਾਹਰ ਦੁਪਹਿਰਾਂ ਵੇਲੇ ਨਿੰਮਾਂ ਜਾਂ ਕਿਕਰਾਂ ਦੀ ਛਾਂ ਹੇਠ ਬੁਨਣਾ ਜੋ ਓਨਾਂ ਸਮਿਆਂ ਦਾ ਰਿਵਾਜ ਸੀ। ਦੁਪਹਿਰ ਵੇਲੇ ਸਾਰੇ ਹੀ ਆਂਢ ਗੁਆਂਢ ਨੇ ਖੁਲੀ ਹਵਾ ਵਿੱਚ ਨਿੰਮਾਂ ਕਿਕਰਾਂ ਥੱਲੇ ਆਪੋ ਆਪਣੇ ਘਰਾਂ ਚੋਂ ਮੰਜੇ ਲਿਆ ਕੇ ਡਾਹ ਕੇ ਆਰਾਮ ਕਰਨਾ ਤੇ ਓਥੇ ਹੀ ਜਿਸ ਘਰ ਨੇ ਮੰਜਾ ਬੁਨਣਾ ਹੁੰਦਾ ਸੀ ਚੱਕ ਲਿਆਉਣਾ ਤੇ ਬੁਣ ਲੈਂਦੇ। ਕਈ ਵਾਰ ਤਾਂ ਪੂਰਾ ਮੰਜਾ ਬੁਣ ਲੈਂਦੇ ਜੇਕਰ ਥੋੜਾ ਬਹੁਤਾ ਰਹਿ ਜਾਂਦਾ ਤਾਂ ਅਗਲੇ ਦਿਨ ਵੀ ਬੁਣ ਲੈਂਦੇ।

ਰੰਗਦਾਰ ਸੂਤ ਦੇ ਮੰਜੇ ਵੀ ਬੜੇ ਸੌਕ ਨਾਲ ਬੁਣੇ ਜਾਂਦੇ ਰਹੇ ਹਨ। ਓਨਾਂ ਨੂੰ ਬੁਣ ਕੇ ਉੱਪਰ ਸੂਈ ਜਾਂ ਘੰਦੂਈ ਨਾਲ ਚਾਦਰ ਸਿਉਂ ਦੇਣੀ ਤਾਂ ਕਿ ਸੂਤ ਜਲਦੀ ਖਰਾਬ ਜਾਂ ਗੰਦਾ ਨਾ ਹੋਵੇ। ਇੱਕ ਘਰ ਵਿੱਚ ਦਸ ਦਸ ਮੰਜੇ ਹੋਇਆ ਕਰਦੇ ਸਨ। ਵਿਆਹ ਸਾਦੀਆਂ ਵਿੱਚ ਵੀ ਇਹੀ ਮੰਜੇ ਤੇ ਬਿਸਤਰੇ ਨੰਬਰ ਲਾ ਕੇ ਇਕੱਠੇ ਕਰਨੇ ਤੇ ਪਿੰਡੋਂ ਬਾਹਰ ਬਣੀਆਂ ਢਾਣੀਆਂ ਵਿੱਚ ਵੀ ਵਿਆਹ ਸਾਦੀਆਂ ਵਾਲੇ ਘਰਾਂ ਨੇ ਪਿੰਡ ਵਿਚੋਂ ਹੀ ਮੰਜੇ ਬਿਸਤਰੇ ਇਕੱਠੇ ਕਰਕੇ ਲੈ ਕੇ ਜਾਣੇ।

ਪਰ ਕਦੇ ਕਦਾਈਂ ਭੁੱਲ ਭੁਲੇਖੇ ਨਾਲ ਜੇਕਰ ਵਾਣ ਵਾਲਾ ਮੰਜਾ ਬਾਹਰ ਮੀਂਹ ਵਿੱਚ ਭਿੱਜ ਜਾਂਦਾ ਤਾਂ ਉਸ ਵਿੱਚ ਕਾਣ ਪੈ ਜਾਂਦੀ ਸੀ (ਫੋਟੋ ਦੀ ਤਰ੍ਹਾਂ) ਫਿਰ ਇਹ ਥੋੜੀ ਔਖਿਆਈ ਦੇ ਨਾਲ ਹੀ ਠੀਕ ਹੁੰਦਾ ਸੀ, ਇੱਕ ਪਾਸੇ ਕਿਸੇ ਜਿਆਦਾ ਭਾਰੇ ਘਰ ਦੇ ਮੈਂਬਰ ਨੂੰ ਬਿਠਾਉਣਾ ਤੇ ਦੂਜੇ ਪਾਸਿਓਂ ਮੰਜਾ ਥੱਲੇ ਨੂੰ ਨੱਪਣਾ ਕਾਫੀ ਦੇਰ ਇਉਂ ਬੈਠੇ ਰਹਿਣ ਨਾਲ ਵੀ ਜਦੋਂ ਉਠਣਾ ਓਵੇਂ ਹੀ ਫਿਰ ਹੋ ਜਾਂਦਾ ਸੀ।ਦੋ ਚਾਰ ਵਾਰ ਇਉਂ ਕਰਨ ਨਾਲ ਜਾਂ ਫਿਰ ਕਿਸੇ ਜਿਆਦਾ ਭਾਰ ਵਾਲੇ ਮੈਬਰ ਨੇ ਰਾਤ ਨੂੰ ਓਸੇ ਮੰਜੇ ਤੇ ਲੇਟਣਾ ਤਾਂ ਜਾ ਕੇ ਕਿਤੇ ਇਹ ਸਹੀ ਹੁੰਦਾ ਸੀ।ਪਰ ਸੂਤ ਦੇ ਮੰਜਿਆਂ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ ਕਿਉਂਕਿ ਇੱਕ ਤਾਂ ਓਹ ਵੇਖਣ ਦੇ ਵਿੱਚ ਵੀ ਬੜੇ ਸੋਹਣੇ ਲੱਗਦੇ ਸਨ ਤੇ ਉਪਰੋਂ ਚਾਦਰ ਵੀ ਉੱਤੇ ਸਿਉਂਤੀ ਹੁੰਦੀ ਸੀ ਇਸ ਕਰਕੇ ਓਹਨੂੰ ਸਾਰੇ ਪਰਿਵਾਰ ਹੀ ਜਾਣ ਤੋਂ ਪਿਆਰੇ ਰੱਖਦੇ ਸਨ।ਪਰ ਵਾਣ ਦੇ ਮੰਜਿਆਂ ਦੀ ਜਆਿਦਾ ਦੇਖ ਭਾਲ ਨਾ ਹੂੰਦੀ ਕਰਕੇ ਕਹਿ ਲਓ ਜਾਂ ਫਿਰ ਬਾਪੂ ਦਾ ਬਾਹਰਲੇ ਘਰੇ ਪਿਆ ਵਾਣ ਦਾ ਮੰਜਾ ਅਕਸਰ ਹੀ ਮੀਂਹ ਦੀ ਭੇਂਟ ਚੜ੍ਹ ਕੇ ਕਾਣਿਆਂ ਜਾਂਦਾ ਸੀ ਤੇ ਉਸ ਨੂੰ ਠੀਕ ਕਰਨ ਲਈ ਵੀ ਕਾਫੀ ਮਿਹਨਤ ਕਰਨੀ ਪੈਂਦੀ ਸੀ।

ਇਹ ਪੁਰਾਤਨ ਪੰਜਾਬ ਦੀਆਂ ਗੱਲਾਂ ਨੇ ਦੋਸਤੋ ਜਿਉਂ ਜਿਉਂ ਅਸੀਂ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹਿਆ ਹੈ ਉਸ ਤੋਂ ਬਾਅਦ ਤਾਂ ਫਿਰ ਹੋਰ ਹੀ ਗੁੱਡੀਆਂ ਤੇ ਹੋਰ ਹੀ ਪਟੋਲੇ ਹੋ ਗਏ ਹਨ।ਡਬਲਬੈਡ ਲੋਹੇ ਦੇ ਬਣੇ ਹੋਏ ਮੰਜੇ ਲੋਹੇ ਦੇ ਬਣੇ ਇਕੱਠੇ ਹੋਣ ਵਾਲੇ ਮੰਜੇ ਤੇ ਹੋਰ ਪਤਾ ਨਹੀਂ ਕੀ ਕੁੱਝ ਬਣ ਗਿਆ ਹੈ।ਹੁਣ ਵਾਣ ਵਾਲੇ ਜਾਂ ਨਵਾਰੀ ਪਲੰਘ ਭਾਵ ਸੂਤ ਦੇ ਬਣੇ ਹੋਏ ਮੰਜੇ ਕਿਸੇ ਟਾਂਵੇ ਟਾਂਵੇ ਘਰਾਂ ਵਿੱਚ ਹੀ ਦਿਸਦੇ ਹਨ। ਕਿਉਂਕਿ ਨਵੀਂ ਪੀੜ੍ਹੀ ਇਨ੍ਹਾਂ ਨੂੰ ਪਸੰਦ ਨਹੀਂ ਕਰਦੀ ਪਰ ਪੁਰਾਤਨ ਪੰਜਾਬ ਵਿੱਚ ਇਹ ਧੀਆਂ ਭੈਣਾਂ ਦੇ ਦਾਜ ਵਿੱਚ ਵੀ ਦਿੱਤੇ ਜਾਂਦੇ ਰਹੇ ਹਨ।ਚੌਖੜੇ ਜਾ ਨੌਂ ਰੱਸੀਆਂ ਲੰਘਾ ਕੇ ਕੋਈ ਵਿਰਲੀ ਹੀ ਸਵਾਣੀ ਤੇ ਜਾਂ ਫਿਰ ਬਾਈ ਕੋਲ ਇਨ੍ਹਾਂ ਨੂੰ ਬੁਨਣ ਦੀ ਕਲਾ ਹੋਇਆ ਕਰਦੀ ਸੀ। ਤੇ ਸਾਰਾ ਪਿੰਡ ਹੀ ਵਾਰੀ ਵਾਰੀ ਨਾਲ ਓਨਾਂ ਤੋਂ ਮੰਜੇ ਬਣਵਾਇਆ ਕਰਦੇ ਸਨ। ਹੁਣ ਬਦਲੇ ਹਾਲਾਤਾਂ ਵਿੱਚ ਜੇਕਰ ਕਿਸੇ ਪੁਰਾਣੀ ਉਮਰ ਵਾਲੇ ਬਜੁਰਗ ਜਾਂ ਮਾਤਾ ਨੇ ਇਹ ਰੱਖੇ ਹੋਏ ਹਨ ਤਾਂ ਜਾਨ ਤੋਂ ਵੀ ਵਧ ਕੇ ਪਿਆਰ ਨਾਲ ਰੱਖੇ ਹੋਏ ਹਨ ਤੇ ਜਾਂ ਫਿਰ ਆਮ ਢਾਬਿਆਂ ਜਾਂ ਫਿਰ ਹਵੇਲੀ ਵਰਗੇ ਰੈਸਟੋਰੈਂਟਾਂ ਦੀ ਸਾਨ ਬਣਕੇ ਰਹਿ ਗਏ ਹਨ ਇਹੋ ਜਿਹੇ ਵਾਣ ਜਾਂ ਸੂਤ ਵਾਲੇ ਮੰਜੇ। ਓਨਾਂ ਨੇ ਆਪਣੀ ਗਾਹਕੀ ਨੂੰ ਲੁਭਾਉਣ ਤੇ ਆਪਣੇ ਵਿਰਸੇ ਦਾ ਅਨਿੱਖੜਵਾਂ ਅੰਗ ਕਰਕੇ ਇਨ੍ਹਾਂ ਦੇ ਪਾਵਿਆਂ ਨੂੰ ਮਨਭਾਉਂਦਾ ਰੰਗ ਵੀ ਕਰਵਾਇਆ ਹੁੰਦਾ ਹੈ ਤਾਂ ਕਿ ਆਉਣ ਵਾਲੇ ਗਾਹਕ ਉਸ ਨੂੰ ਵਿਰਸੇ ਦੇ ਪ੍ਰੇਮੀ ਵਜੋਂ ਜਾਨਣ। ਬਹੁਤ ਚੰਗੀ ਗੱਲ ਹੈ ਚਲੋ ਇਸੇ ਤਰ੍ਹਾਂ ਹੀ ਸਹੀ ਓਨਾਂ ਨੂੰ ਵੇਖ ਕੇ ਘੱਟੋ-ਘੱਟ ਪੁਰਾਤਨ ਬਜੁਰਗਾਂ ਨੂੰ ਆਪਣਾ ਅਤੀਤ ਚੇਤੇ ਆ ਜਾਂਦਾ ਹੈ ਤੇ ਨਾਲ ਗਏ ਪੋਤਰੇ ਪੋਤਰੀ ਜਾਂ ਦੋਹਤਿਆਂ ਨੂੰ ਓਹ ਮਾਣ ਨਾਲ ਇਹ ਵੀ ਜਰੂਰ ਦੱਸਦੇ ਨੇ ਕਿ ਆਹ ਸਾਡੇ ਸਮਿਆਂ ਦੇ ਮੰਜੇ ਤੇ ਪਲੰਘ ਹਨ।

ਸੋ ਦੋਸਤੋ ਸਮਾਂ ਬੜੀ ਤੇਜੀ ਨਾਲ ਬਦਲ ਰਿਹਾ ਹੈ ਜੋ ਪਹਿਲਾਂ ਸੀ ਓਹ ਅੱਜ ਕਿਧਰੇ ਨਜਰ ਨਹੀਂ ਆਉਂਦਾ ਤੇ ਜੋ ਅੱਜ ਆਪਾਂ ਵੇਖ ਰਹੇ ਹਾਂ ਕੱਲ੍ਹ ਇਹ ਵੀ ਕਿਧਰੇ ਨਹੀਂ ਦਿਸਣਾ ਇਹ ਕੁਦਰਤੀ ਨੇਮ ਹੈ ਇਸ ਨੂੰ ਆਪਾਂ ਸਾਰਿਆਂ ਨੂੰ ਮੰਨਣਾ ਹੀ ਪੈਣਾ ਹੈ। ਹਾਂ ਕਦੇ ਕਦੇ ਓਹ ਪੁਰਾਤਨ ਸਮੇਂ ਯਾਦ ਜਰੂਰ ਆ ਜਾਂਦੇ ਨੇ ਜੋ ਤੁਹਾਡੇ ਸਾਰੇ ਦੋਸਤਾਂ ਮਿੱਤਰਾਂ ਨਾਲ ਸਾਂਝੇ ਕਰ ਲਈਦੇ ਨੇ।









TDS
TICKET DISPUTE SOLUTIONS
AMARDEEP PANDHER
"Your Ticket Defender"
NO TEXTING · STOP SIGN · SPEEDING · TRAFFIC TICKETS · RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com www.ticketdisputesolutions.com
9220-34 Ave NW Edmonton, Alberta

ARROW
DRYWALL INC.
The Name You Can Trust
Products of Services:
· Insulation
· Drywall
· Taping
· Texturing
· Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ · ਡਰਾਈਵਾਲ · ਟੇਪਿੰਗ · ਬਲੋ ਇੰਸੂਲੇਸ਼ਨ · ਟੈਕਸਚਰਿੰਗ ·
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com



Happy
CANADA
DAY
RAJAN SAWHNEY
MLA Calgary-North East
Minister of Community and Social Services
#1080, 11124-36th St NE Calgary, AB T3N 1L3
Ph: (587) 318-2946
Email: calgary.northeast@assembly.ab.ca




DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
• ਤਲਾਅ /ਹਰਿਆ ਭਰਿਆ ਆਲਾ ਦੁਆਲਾ
• ਫਰੰਟ ਗੈਰਾਜ ਲਾਟਾਂ
• ਵਾਕ ਆਊਟ ਲਾਟਾਂ
• ਡੁਪਲੈਕਸ ਲਾਟਾਂ
• ਲੇਨਡ ਲਾਟਾਂ
TOWNHOMES
FROM THE LOW
$300s
DUPLEX HOMES
FROM THE MID
$300s
LANED HOMES
FROM THE HIGH
$300s
FRONT GARAGE HOMES
FROM THE LOW
$500s
360° ਵਰਚੂਅਲ ਟੂਰ ਵੀ ਮਿਲਦਾ ਹੈ
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ ।
ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
SHOWHOME APPOINTMENTS AVAILABLE AND RECOMMENDED.
Broadview Homes | NuVista Homes | Trico Homes | Sterling Homes | Truman Homes | Morrison Homes
ਕਮਿਉਨਟੀ ਅੰਦਰ ਭਵਿੱਖ ਵਿੱਚ ਸਿਵਿਕ ਸੈਂਟਰ ਅਤੇ ਫੀਲਡ ਹਾਊਸ ਸਾਈਟ
22 ਮਿੰਟ ਡਰਾਈਵ ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO communities

## ਹੈਂ ! ਆਹ ਹੁਣ ਵਾਲੀਆਂ ਕਾਰਾਂ ਉੱਪਰ 2035 ਵਿਚ ਪਾਬੰਦੀ ਲੱਗ ਜਾਵੇਗੀ ?



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗੈਸੋਲੀਨ ਜਾਂ ਡੀਜ਼ਲ ਨਾਲ ਚੱਲਣ ਵਾਲੀਆਂ ਨਵੀਆਂ ਕਾਰਾਂ ਅਤੇ ਲਾਇਟ ਡਿਉਟੀ ਟਰੱਕਾਂ ਦੀ ਵਿਕਰੀ 'ਤੇ ਕੈਨੇਡਾ ਸਰਕਾਰ ਵੱਲੋਂ ਦੇਸ਼ ਭਰ ਵਿੱਚ ਸਾਲ 2035 ਤੋਂ ਪਾਬੰਦੀ ਲਗਾਏ ਜਾਣ ਦਾ ਫੈਸਲਾ ਲਿਆ ਜਾ ਰਿਹਾ ਹੈ। ਸਰਕਾਰ ਦਾ ਟੀਚਾ ਹੈ ਕਿ ਸਾਲ 2035 ਤੋਂ ਵਾਤਾਵਰਣ ਵਿੱਚ ਕਾਰਬਨ ਗੈਸਾਂ ਦਾ ਜਾਣਾ ਸਿਫ਼ਰ 'ਦੇ ਪੱਧਰ 'ਤੇ ਲਿਆਂਦਾ ਜਾਵੇਗਾ। ਇਹਨਾਂ ਗੱਡੀਆਂ 'ਤੇ ਪਾਬੰਦੀ, ਉਸੇ ਟੀਚੇ ਦੀ ਪ੍ਰਾਪਤੀ ਵੱਲ ਕਦਮ ਪੁੱਟਿਆ ਜਾ ਰਿਹਾ ਦੱਸਿਆ ਗਿਆ ਹੈ। ਬਰਤਾਨੀਆ ਨੇ ਸਾਲ 2030 ਤੋਂ ਅਜਿਹੀਆਂ ਗੱਡੀਆਂ ਬੰਦ ਕਰਨ ਦਾ ਫੈਸਲਾ ਕੀਤਾ ਹੈ। ਅਮੈਰਿਕਾ ਵੱਲੋਂ ਅਜੇ ਇਸ ਸੰਬੰਧੀ ਫੈਸਲਾ ਲਿਆ ਜਾਣਾ ਹੈ। ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਭੂਗੋਲਿਕ ਲਿਹਾਜ਼ ਨਾਲ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਮੁਲਕ ਹੋਣ ਦੇ ਨਾਤੇ ਕੈਨੇਡਾ ਵੱਲੋਂ ਵਾਤਾਵਰਣ ਸੰਭਾਲ ਲਈ ਲਿਆ ਜਾਣ ਵਾਲਾ ਇਹ ਕਦਮ ਬਹੁਤ ਮਹੱਤਵਪੂਰਨ ਸਾਬਤ ਹੋਵੇਗਾ।



## 60 ਸਾਲਾ ਉਮਰ ਦੀ ਮਾਂ ਉੱਪਰ ਹੀ ਆਪਣੀ ਔਲਾਦ ਨੂੰ ਮਾਰਨ ਸਬੰਧੀ ਸੈਕਿੰਡ ਡਿਗਰੀ ਚਾਰਜ ਲੱਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੌਕਰੇਨ ਦੇ ਸਾਊਥ ਈਸਟ ਵੱਲ ਸਥਿੱਤ ਹਾਇਵੇਅ 8 ਉੱਪਰ 26 ਫ਼ਰਬਰੀ, 2020 ਵਾਲੇ ਦਿਨ ਮ੍ਰਿਤਕ ਬਰਾਮਦ ਕੀਤੀ ਗਈ 24 ਸਾਲਾ ਸੈਰਾਹ ਰੇਬਿਕ ਦੀ ਮੌਤ ਦੇ ਮਾਮਲੇ ਵਿੱਚ ਉਸ ਦੀ 60 ਸਾਲਾ ਮਾਂ ਡੈਬੋਰਾ ਜੋਇਸ ਰੇਬਿਕ ਵਿਰੁੱਧ ਸੈਕਿੰਡ ਡਿਗਰੀ ਮਰਡਰ ਦਾ ਚਾਰਜ ਲਗਾਇਆ ਗਿਆ ਹੈ। ਪਿਛਲੇ ਸਾਲ ਲਾਸ਼ ਮਿਲਣ ਮਗਰੋਂ ਕਰਵਾਈ ਗਈ ਅਟੌਪਸੀ ਰਿਪੋਰਟ ਵਿਚ ਦੱਸਿਆ ਗਿਆ ਸੀ ਕਿ ਉਸ ਦਾ ਕਤਲ ਕੀਤਾ ਗਿਆ ਸੀ। ਡੈਬੋਰਾ ਨੂੰ ਗ਼ਿਰਫ਼ਤਾਰ ਕਰ ਲਿਆ ਗਿਆ ਹੈ ਤੇ ਕੋਰਟ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਮਾਮਲੇ ਵਿੱਚ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ ਤੇ ਇੰਤਜ਼ਾਰ ਕੀਤਾ ਜਾ ਰਿਹਾ ਹੈ।

## ਪੋਪ ਜੌਨਪੌਲ ਦੂਜੇ ਦੇ ਬੁੱਤ ਉੱਪਰ ਲਾਲ ਰੰਗ ਡੋਲਿਆ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਰਾਜਧਾਨੀ ਐਡਮੰਟਨ ਵਿੱਚ 106 ਸਟ੍ਰੀਟ ਦੇ 11400 ਬਲੌਕ ਵਿੱਚ ਹੋਲੀ ਰੋਜ਼ੇਰੀ ਕੈਥੌਲਿਕ ਚਰਚ ਦੇ ਬਾਹਰ ਲੱਗੇ ਪੋਪ ਜੌਨ ਪੌਲ-ਦੂਜੇ ਦੇ ਬੁੱਤ ਨੂੰ ਸ਼ਰਾਰਤੀ ਅਨਸਰਾਂ ਵੱਲੋਂ ਖ਼ਰਾਬ ਕਰ ਦਿੱਤੇ ਜਾਣ ਦੀ ਸੂਚਨਾ ਹੈ। ਸ਼ਰਾਰਤੀ ਅਨਸਰਾਂ ਨੇ ਬੁੱਤ ਨੂੰ ਲਾਲ ਰੰਗ ਨਾਲ ਪੇਂਟ ਕਰ ਦਿੱਤਾ। ਰਾਤ 11 ਵਜੇ ਦੇ ਕਰੀਬ ਇੱਕ ਔਰਤ ਨੂੰ ਦੇਖਿਆ ਗਿਆ ਸੀ ਜਿਹੜੀ ਇਸ ਬੁੱਤ ਉੱਪਰ ਪੇਂਟ ਕਰ ਰਹੀ ਸੀ। ਐਡਮੰਟਨ ਪੁਲਿਸ ਨੇ ਇਸ ਸੰਬੰਧੀ ਸ਼ਿਕਾਇਤ ਦਰਜ ਕਰ ਲਈ ਹੈ ਤੇ ਜਾਂਚ ਕਾਰਜ ਸ਼ੁਰੂ ਕਰ ਦਿੱਤੇ ਹਨ। ਕੈਨੇਡੀਅਨ ਪੋਲਿਸ਼ ਭਾਈਚਾਰੇ ਲੋਕਾਂ ਵਿੱਚ ਇਸ ਘਟਨਾ ਤੋਂ ਬਾਦ ਗੁੱਸਾ ਅਤੇ ਨਿਰਾਸ਼ਾ ਹੈ ਤੇ ਉਹਨਾਂ ਨੇ ਨਫ਼ਰਤ ਦੇ ਇਸ ਕਾਰੇ ਨੂੰ ਵਧਦਾ ਦੇਖ ਕੇ ਸਰਕਾਰ ਅਤੇ ਸਮਾਜ ਦੇ ਸਾਰੇ ਵਰਗਾਂ ਨੂੰ ਸਿਰ ਜੋੜ ਕੇ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਭਾਂਜ ਦੇਣ ਦੀ ਅਪੀਲ ਕੀਤੀ ਹੈ।

## ਬਿਸ਼ਪ ਗ੍ਰੈਂਡਿਨ ਹਾਇ ਸਕੂਲ ਦਾ ਨਾਮ ਬਦਲਣ ਲਈ ਸਹਿਮਤੀ ਬਣੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਕੈਥੌਲਿਕ ਸਕੂਲ ਡਿਸਟ੍ਰਿਕਟ ਦੇ ਟ੍ਰਸਟੀਆਂ ਨੇ ਬਿਸ਼ਪ ਗ੍ਰੈਂਡਿਨ ਹਾਇ ਸਕੂਲ ਦਾ ਨਾਮ ਤਬਦੀਲ ਕਰਨ ਦੇ ਹੱਕ ਵਿਚ ਵੋਟਿੰਗ ਕਰ ਦਿੱਤੀ ਹੈ। ਕੈਥੌਲਿਕ ਸਕੂਲ ਬੋਰਡ ਨੇ ਭੇਜੀ ਇੱਕ ਈ-ਮੇਲ ਵਿੱਚ ਕਿਹਾ ਹੈ ਕਿ ਕਈ ਧਿਰਾਂ ਨਾਲ ਸੋਚ-ਵਿਚਾਰ ਕਰਨ ਮਗਰੋਂ ਇਹ ਫੈਸਲਾ ਲਿਆ ਗਿਆ ਹੈ। ਕੈਮਲੂਪਸ ਦੇ ਰੈਜ਼ਿਡੈਂਸ਼ੀਅਲ ਸਕੂਲ ਦੀ ਜ਼ਮੀਨ ਹੇਠੋਂ 215 ਬੱਚਿਆਂ ਦੀ ਕਬਰਾਂ ਮਿਲਣ ਮਗਰੋਂ ਇਸ ਸਕੂਲ ਦਾ ਨਾਮ ਤਬਦੀਲ ਕਰਨ ਦੀ ਮੰਗ ਉੱਠ ਖੜ੍ਹੀ ਹੋਈ ਸੀ। ਬਿਸ਼ਪ ਵਾਇਟਲ-ਜਸਟਿਨ ਗ੍ਰੈਂਡਿਨ ਦਾ ਨਾਮ ਉਹਨਾਂ ਵਿਅਕਤੀਆਂ ਦੀ ਸੂਚੀ ਵਿੱਚ ਸ਼ਾਮਿਲ ਹੈ ਜਿਹਨਾਂ ਨੇ ਦੇਸ਼ ਭਰ ਵਿੱਚ ਰੈਜ਼ਿਡੈਂਸ਼ੀਅਲ ਸਕੂਲ ਬਣਾਉਣ ਵਿੱਚ ਵੱਡੀ ਭੂਮਿਕਾ ਅਦਾ ਕੀਤੀ ਸੀ। ਕੈਥੌਲਿਕ ਸਕੂਲ ਬੋਰਡ ਨੂੰ ਸੈਂਕੜੇ ਸੁਨੇਹੇ ਮਿਲੇ ਸਨ ਜਿਹਨਾਂ ਵਿੱਚ ਸਕੂਲ ਦਾ ਨਾਮ ਤਬਦੀਲ ਕਰਨ ਦੀ ਮੰਗ ਕੀਤੀ ਗਈ ਸੀ। ਹੁਣ ਇਸ ਸਕੂਲ ਦਾ ਹੇਅਜ਼ਬੋਰੋ (ਐਸਬੋਰੋ) ਕੈਥੌਲਿਕ ਹਾਇ ਸਕੂਲ ਹੋਵੇਗਾ।























ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ
TOWNHOMES FROM THE $250s
DUPLEXES FROM THE $400s
LANED HOMES FROM THE $400s
FRONT GARAGE FROM THE $500s
REDSTONE
redstonecommunity.ca
ਆਖਰੀ ਲਾਟਾਂ ਮੌਜੂਦ ਹਨ
ਹੁਣ ਆਨ ਲਾਈਨ ਵਰਚੁਅਲ ਟੂਰ ਵੀ ਲੈ ਸਕਦੇ ਹੋ
ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ
• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


SOUTH POINTE TOYOTA
FOR ONLY $118 A WEEK! WITH $3888 DOWN
0% FINANCING
NO PAYMENTS UNTIL JULY 2020!
ALL NEW REDESIGNED
2020 HIGHLANDER
PRE-ORDER YOURS TODAY!
403-567-8888
WWW.SOUTHPOINTETOYOTA.COM
11500 35 ST SE #7000 CALGARY, AB T2Z 3W4
SALES@SOUTHPOINTETOYOTA.COM 7WWW.SOUTHPOINTETOYOTA.COM
CALGARYS LARGEST AND MOST AWARDED TOYOTA DEALERSHIP
WWW.SOUTHPOINTETOYOTA.COM

Calgary

# ਬਹੁਤ ਜ਼ਿਆਦਾ ਪ੍ਰਭਾਵਿਤ ਹੋਏ ਕਾਰੋਬਾਰਾਂ ਲਈ ਮੁੜ ਖੋਲ੍ਹਣ ਲਈ ਗਰਾਂਟਾਂ

## 2 ਜੁਲਾਈ ਤੋਂ 10 ਅਗਸਤ, 2021 ਤੱਕ ਅਪਲਾਈ ਕਰੋ।

ਜਿਵੇਂ ਕੈਲਗਰੀ ਗਰਮੀਆਂ ਲਈ ਖੁੱਲ੍ਹਦੀ ਹੈ, ਸਿਟੀ ਮਹਾਂਮਾਰੀ ਨਾਲ ਪ੍ਰਭਾਵਿਤ ਹੋਏ ਕਾਰੋਬਾਰਾਂ ਨੂੰ ਮੁੜ ਖੋਲ੍ਹਣ ਲਈ ਗਰਾਂਟਾਂ ਪ੍ਰਦਾਨ ਕਰਕੇ ਸਾਡੀ ਆਰਥਿਕ ਰਿਕਵਰੀ ਦਾ ਸਮਰਥਨ ਕਰ ਰਹੀ ਹੈ।

ਅਰਜ਼ੀਆਂ 2 ਜੁਲਾਈ ਤੋਂ 10 ਅਗਸਤ ਦੇ ਵਿੱਚਕਾਰ ਜਾਂ ਯੋਗਤਾ ਦੇ ਮਾਪਦੰਡਾਂ ਦੇ ਅਧਾਰ ਤੇ ਫੰਡ ਸਮਾਪਤ ਹੋਣ ਤੱਕ ਸਵੀਕਾਰ ਕੀਤੀਆਂ ਜਾਣਗੀਆਂ।

ਵਧੇਰੇ ਜਾਣਨ ਅਤੇ ਅਪਲਾਈ ਕਰਨ ਲਈ, ਵੇਖੋ **calgary.ca/BusinessGrant**।




21-0014647



Ambleton

A Qualico Community

# ਛੋਟੀਆਂ ਚੀਜਾਂ ਦਾ ਆਨੰਦ ਮਾਣੋ.

ਕੈਲਗਰੀ ਦਾ ਨਵਾਂ ਉੱਤਰੀ ਏਰੀਆ




## ਹੁਣ ਸ਼ੋਅ ਹੋਮ ਖੁੱਲ ਗਏ ਹਨ



ਲੇਨਡ ਹੋਮ

$400s ਤੋਂ ਸ਼ੁਰੂ ਹਨ



ਫਰੰਟ ਗੈਰਾਜ

$500s ਤੋਂ ਸ਼ੁਰੂ ਹਨ

ਕੈਲਗਰੀ ਦੇ ਨਾਰਥ ਵੈਸਟ ਏਰੀਆ ਅੰਦਰ ਕੁਦਰਤ ਵੱਲੋਂ ਸਿਰਜੀ ਹੋਈ ਵਿਲੱਖਣ ਜਗ੍ਹਾ ਐਮਬੈਲਟਨ ਦੇ ਰੂਪ ਵਿੱਚ ਹੈ। ਖੇਡਣ ਵਾਲੇ ਖੇਤਰ,ਸਥਾਨਿਕ ਅਤੇ ਖੇਤਰੀ ਮਾਰਗ ਦੇ ਨੈਟਵਰਕ ਕਮਿਓਨਿਟੀ ਦੀ ਪੜਚੋਲ ਨੂੰ ਆਸਾਨ ਬਣਾਉਂਦੇ ਹਨ। ਕਾਫੀ ਪ੍ਰਚੂਨ, ਨੇੜਲੇ ਸਕੂਲ ਅਤੇ ਭਵਿੱਖ ਦੇ ਹਾਈ ਸਕੂਲ ਸਮੇਤ ਐਮਬਲੇਟਨ ਵਿੱਚ ਉਹ ਸਭ ਕੁੱਝ ਹੈ ਜਿਸ ਜਿਸ ਦੀ ਤੁਸੀਂ ਕਲਪਨਾ ਕਰ ਸਕਦੇ ਹੋ

ਐਮਬਲੇਟਨ ਦੇ ਅੰਤਰ ਬਾਰੇ ਹੋਰ ਜਾਣੋ : **liveinambleton.com**

ਐਵਾਰਡ ਜੇਤੂ ਬਿਲਡਰ: • Shane Homes • Sterling Homes • Trico Homes • Broadview Homes • Jayman Built




ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .

QUALICO® communities


YOU'RE INVITED!
M.P. JASRAJ SINGH HALLAN
SHADOW MINISTER FOR IMMIGRATION, CITIZENSHIP, AND REFUGEES
STAMPEDE BREAKFAST
ON THE RUN
SAT JULY 10TH, 8:30 AM - 11 AM
MARLBOROUGH MALL PARKING LOT
3800 MEMORIAL DRIVE NE
WITH SPECIAL GEUST
HON. ERIN O'TOOLE
LEADER OF THE OFFICIAL OPPOSITION


Pancake
BREAKFAST
JULY 10TH
8:30 AM – 11 AM
- LOCATION -
2635 37th Avenue NE, Calgary
JAG SAHOTA MP
CALGARY SKYVIEW
JAG.SAHOTA@PARL.GC.CA • 403-291-0018

